# ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ ।

ਸਾਡੇ ਸਵਰਗੀ ਪਿਤਾ, ਤੁਹਾਡੇ ਵਲੋਂ ਇਕ ਸ਼ਬਦ ਉਸ ਸਭ ਕੁਝ ਨਾਲੋਂ ਵੱਧ ਮਤਲਬ ਰੱਖਦਾ ਹੈ ਜੋ ਕਿ ਕਿਸੇ ਵੀ ਵੇਲੇ ਸਾਰੇ ਮਨੁੱਖ ਕਰ ਜਾਂ ਕਹਿ ਸਕਦੇ ਹਨ, ਕਿਓਂਕਿ ਲੋਕ ਤੁਹਾਨੂੰ ਵੇਖਣ ਲਈ ਉਡੀਕ ਰਹੇ ਹਨ । ਅਤੇ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿਓਂਕਿ ਇਥੇ ਉਹ ਹਨ ਜੋ ਉਮੀਦ ਹੇਠਾਂ ਹਨ, ਉਹ ਕੁਝ ਹੋਣ ਦਾ ਇੰਤਜ਼ਾਰ ਕਰ ਰਹੇ ਹਨ । ਲੋਕ ਕਿਸੇ ਚੀਜ਼ ਲਈ ਪਿਆਸੇ ਹਨ, ਗਹਿਰਾਈ ਗਹਿਰਾਈ ਨੂੰ ਪੁਕਾਰ ਰਹੀ ਹੈ, ਉਸ ਪੁਕਾਰ ਨੂੰ ਜਵਾਬ ਦੇਣ ਲਈ ਇੱਕ ਗਹਿਰਾਈ ਹੋਣੀ ਚਾਹੀਦੀ ਹੈ । ਇਸ ਕਰਕੇ ਅੱਜ ਰਾਤ ਅਸੀਂ ਇਥੇ ਹਾਂ, ਕਿਓਂਕਿ ਇਹ ਸੇਵਕਾਂ ਅਤੇ ਲੋਕਾਂ ਦੇ ਹਿਰਦਿਆਂ ਵਿੱਚ ਸੀ ਕਿ ਸਾਨੂੰ ਤੁਹਾਡੇ ਕੋਲੋਂ ਕ੍ਰਿਪਾ ਅਤੇ ਬਰਕਤਾਂ ਮੰਗਨ ਲਈ ਇੱਕਠੇ ਬੁਲਾਇਆ ਜਾਵੇ, ਇਹ ਵਿਸ਼ਵਾਸ ਕਰਦੇ ਹੋਏ ਕਿ ਤੁਸੀਂ ਬੀਮਾਰਾਂ ਨੂੰ ਚੰਗਾ ਕਰੋਗੇ, ਗੁਆਚਿਆਂ ਹੋਇਆਂ ਨੂੰ ਬਚਾ ਲਵੋਗੇ ਅਤੇ ਆਪਣੇ ਵਚਨ ਨੂੰ ਪ੍ਰਗਟ ਕਰੋਗੇ ।

2 ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਸਵਰਗੀ ਪਿਤਾ, ਜਿਵੇਂ ਅਸੀਂ ਰਾਤ ਬਰ ਰਾਤ ਤੁਹਾਨੂੰ ਨਿਮਰਤਾ ਨਾਲ ਉਡੀਕਦੇ ਹਾਂ ਤੁਸੀਂ ਇਹ ਸਾਨੂੰ ਦੇ ਦੇਵੋਗੇ। ਇਥੇ ਪਵਿੱਤਰ ਆਤਮਾ ਇਸ ਤਰ੍ਹਾਂ ਵਹਾਇਆ ਜਾਵੇ ਕਿ ਹਰ ਇੱਕ ਵਿਅਕਤੀ ਪਰਮੇਸ਼ੁਰ ਤੋਂ ਛੁੱਟ ਆਪਣੇ ਆਲੇ-ਦੁਆਲੇ ਦੀ ਹਰੇਕ ਚੀਜ਼ ਲਈ ਅੰਨ੍ਹਾ ਹੋ ਜਾਵੇ । ਲੋਕਾਂ ਵਿੱਚ ਇੱਕ ਮਹਾਨ ਪੁਕਾਰ ਚਲੀ ਜਾਵੇ, ਉਹ ਪਰਮੇਸ਼ੁਰ ਲਈ ਪਿਆਸੇ ਹੋਣ, ਏਥੋਂ ਤੱਕ ਇਸ ਪੂਰੇ ਦੇਸ਼ ਵਿੱਚ ਬੇਦਾਰੀ ਆ ਜਾਵੇ ਅਤੇ ਹਰੇਕ ਗਿਰਜਾ ਲੋਕਾਂ ਨਾਲ ਪੂਰੀ ਤਰ੍ਹਾਂ ਭਰ ਜਾਵੇ, ਪਾਪੀ ਲੋਕ ਪਰਮੇਸ਼ੁਰ ਨੂੰ ਰਹਿਮ ਲਈ ਪੁਕਾਰਨ ਅਤੇ ਪਵਿੱਤਰ ਆਤਮਾ ਬਿਮਾਰਾਂ ਨੂੰ ਚੰਗਾ ਕਰੇ, ਲੰਗੜਿਆਂ ਨੂੰ ਚਲਾਵੇ ਅਤੇ ਮੁਰਦਿਆਂ ਨੂੰ ਉਠਾ ਖੜ੍ਹਾ ਕਰੇ ਅਤੇ ਇਹ ਸਭ ਚੀਜ਼ਾਂ ਪ੍ਰਦਾਨ ਕਰੇ ਜਿਨਾਂ ਦਾ ਤੇਰੇ ਵਚਨ ਵਿਚ ਵਾਅਦਾ ਕੀਤਾ ਗਿਆ ਹੈ ।

3 ਪ੍ਰਭੂ ਯਿਸੂ, ਆ, ਅਤੇ ਆਪਣੇ ਵਾਅਦੇ ਨੂੰ ਪੂਰਾ ਕਰ । ਅੱਜ ਰਾਤ ਸਾਡੇ ਕੋਲ ਆ । ਅਸੀਂ ਵਿਸ਼ਵਾਸ ਕਰਦੇ ਹਾਂ ਕਿ ਤੁਸੀਂ ਕੱਲ੍ਹ, ਅੱਜ, ਅਤੇ ਹਮੇਸ਼ਾ ਇਕੋ ਜਿਹੇ ਹੋ ਅਤੇ ਤੁਹਾਡੇ ਵਾਅਦੇ ਕਦੇ ਵੀ ਫੇਲ੍ਹ ਨਹੀ ਹੋ ਸਕਦੇ । ਆਕਾਸ਼ ਅਤੇ ਧਰਤੀ ਟਲ ਸਕਦੇ ਹਨ ਪਰ ਤੁਹਾਡੇ ਵਚਨ ਕਦੇ ਨਹੀਂ ਟਲਣਗੇ । ਹੋਣ ਦੇ ਸਾਡੀ ਸਮਝ ਖੁਲ ਜਾਵੇ । ਪਵਿਤ੍ਰ ਆਤਮਾ ਆਵੇ ਅਤੇ ਬੰਜਰ ਜਮੀਨ ਦੀ ਵਾਹੀ ਕਰੇ । ਅੱਜ ਰਾਤ ਸਾਡੀ ਸਮਝ ਪਰਮੇਸ਼ੁਰ ਦੀ ਆਤਮਾ ਅਤੇ ਸਕਤੀ ਲਈ ਖੁਲ ਜਾਵੇ ਤਾਂਕਿ ਉਹ ਵਾਅਦਾ ਕੀਤਾ ਹੋਇਆ ਵਚਨ ਸਾਡੇ ਵਿਚੋਂ ਪ੍ਰਗਟ ਕਰ ਸਕੇ । ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ।

4 ਅੱਜ ਰਾਤ ਉਹ ਜੋ ਬਾਈਬਲ ਵਿਚੋਂ ਲਿਖਤਾਂ ਨੂੰ ਵੇਖਣਾ ਚਾਹੁੰਦੇ ਹਨ ਉਹ ਪਤਰਸ ਦੀ ਦੂਸਰੀ ਕਿਤਾਬ ਖੋਲ ਲਵੋ ਅਤੇ ਅਸੀਂ ਪੰਦਰਵੀ ਆਇਤ ਤੋਂ ਪੜ੍ਹਨਾ ਸੁਰੂ ਕਰਾਂਗੇ, ਮੈਂ ਬਸ ਥੋੜੀ ਦੇਰ ਵਾਸਤੇ ਇਹਨਾਂ ਲਿਖਤਾਂ ਤੇ ਬੋਲਾਂਗਾ ।

*ਇਸ ਲਈ ਮੈਂ ਜਤਨ ਕਰਾਂਗਾ ਕਿ ਤੁਸੀਂ ਮੇਰੇ ਕੂਚ ਕਰਨ ਦੇ ਮਗਰੋਂ ਇਨ੍ਹਾਂ ਗਲਾਂ ਨੂੰ ਹਰ ਵੇਲੇ ਚੇਤੇ ਰੱਖ ਸਕੋ ।*

*ਕਿਓਂਕਿ ਜਦੋਂ ਅਸੀਂ ਤੁਹਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੀ ਸਮਰਥਾ ਅਤੇ ਆਉਣ ਦੀ ਖ਼ਬਰ ਦਿਤੀ ਸੀ ਤਾਂ ਚਤਰਾਈ ਦੀਆਂ ਬਨਾਉਟੀ ਕਹਾਣੀਆਂ ਦੇ ਮਗਰ ਲਗ ਕੇ ਨਹੀਂ ਸਗੋਂ ਉਸ ਦੀ ਮਹਾਨਤਾ ਨੂੰ ਆਪਣੀ ਅਖੀਂ ਵੇਖ ਕੇ ਕੀਤਾ ।*

5 ਮੈਨੂੰ ਇਹ ਪਸੰਦ ਹੈ, "ਅਖੀਂ ਵੇਖ ਕੇ" । ਕੋਈ ਬਣਾਉਟੀ ਕਹਾਣੀਆਂ ਨਹੀਂ ਸਗੋਂ ਅਸੀਂ ਜਿਸਦੇ ਬਾਰੇ ਚਰਚਾ ਕਰ ਰਹੇ ਹਾਂ ਅਸੀਂ ਉਸਦੇ ਗਵਾਹ ਹਾਂ ।

*ਕਿਓਂਕਿ ਉਸਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਮਹਿਮਾ ਮਿਲੀ ਸੀ ਅਤੇ ਜਿਸ ਵੇਲੇ ਉਸ਼ ਮਹਾਨ ਚਮਕ ਵਾਲੇ ਤੇਜ ਤੋਂ ਉਹ ਨੂੰ ਇਹ ਆਵਾਜ ਆਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿਚ ਮੈਂ ਬਹੁਤ ਪ੍ਰਸੰਨ ਹਾਂ ।*

*ਅਤੇ ਇਹ ਆਵਾਜ ਅਸੀਂ ਜਿਸ ਵੇਲੇ ਪਵਿਤ੍ਰ ਪਹਾੜ ਉਤੇ ਉਸ ਦੇ ਨਾਲ ਸਾਂ ਤਾਂ ਅਕਾਸੋਂ ਆਉਂਦੇ ਸੁਣੀ ।*

*ਅਤੇ ਅੰਗਮ ਵਾਕ ਦਾ ਵਚਨ ਸਾਡੇ ਕੋਲ ਹੋਰ ਵੀ ਪੱਕਾ ਕੀਤਾ ਹੋਇਆ ਹੈ ਅਤੇ ਤੁਸੀਂ ਚੰਗਾ ਕਰਦੇ ਹੋ ਜੋ ਉਸ ਵਲ ਧਿਆਨ ਲਾਉਂਦੇ ਹੋ, ਜਿਵੇਂ ਇਕ ਦੀਵੇ ਵੱਲ... ਜੋ ਅੰਨ੍ਹੇਰੇ ਥਾਂ ਵਿੱਚ ਚਮਕਦਾ ਹੈ, ਜਿਨ੍ਹਾ ਚਿਰ ਪੋਹ ਨਾ ਫ਼ੁਟੇ ਅਤੇ ਦਿਨ ਦਾ ਤਾਰਾ ਤੁਹਾਡੇ ਹਿਰਦਿਆਂ ਵਿੱਚ ਨਾ ਚੜ੍ਹ ਆਵੇ ।*

*ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਵੀ ਅੰਗਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ ।*

*ਕਿਓਂਕਿ ਪੁਰਾਣੇ ਸਮੇਆਂ ਵਿੱਚ ਕੋਈ ਵੀ ਅੰਗਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤ੍ਰ ਆਤਮਾ ਦੇ ਉਕਸਾਨ ਨਾਲ ਪਰਮੇਸ਼ੁਰ ਦੀ ਵਲੋਂ ਬੋਲਦੇ ਸਨ ।*

6 ਪਰਮੇਸ਼ੁਰ ਆਪਣੇ ਵਚਨ ਦੇ ਪੜ੍ਹੇ ਜਾਣ ਤੇ ਬਰਕਤ ਦਵੇ । ਹੁਣ ਮੈਂ ਇਸ ਨੂੰ ਆਪਣੇ ਵਿਸ਼ੇ ਲਈ ਲੈ ਰਿਹਾ ਹਾਂ: *ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ ।*

7 ਅਸੀਂ ਇੱਕ ਗੜਬੜੀ ਵਾਲੇ ਸਮੇਂ ਵਿੱਚ ਰਹਿ ਰਹੇ ਹਾਂ । ਅਸੀਂ ਇਕ ਅਜਿਹੇ ਸਮੇਂ ਵਿੱਚ ਰਹਿ ਰਹੇ ਹਾਂ ਕਿ ਆਦਮੀਆਂ ਅਤੇ ਔਰਤਾਂ ਨੂੰ ਸਾਇਦ ਹੀ ਕੋਈ ਜਾਣਕਾਰੀ ਹੈ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ । ਇੰਝ ਲਗਦਾ ਹੈ ਕਿ ਸਭ ਕੁਝ ਗੜਬੜੀ ਵਿੱਚ ਹੈ । ਵੇਖਣ ਵਿੱਚ ਇੰਝ ਲਗਦਾ ਹੈ ਕਿ ਕਈ ਵੱਖਰੇ- ਵੱਖਰੇ ਰਾਹ ਹਨ । ਇਹ ਸ਼ੈਤਾਨ ਹੈ ਜਿਸਨੇ ਅਜਿਹਾ ਕਰ ਦਿਤਾ ਹੈ ।

8 ਹੁਣ ਪਰਮੇਸ਼ੁਰ ਲੋਕਾਂ ਦਾ ਤਦ ਤੱਕ ਸਹੀ ਤਰੀਕੇ ਨਾਲ ਨਿਆਂ ਨਹੀਂ ਕਰ ਸਕਦਾ ਜੱਦ ਤੀਕ ਉਹਨਾਂ ਦਾ ਨਿਆਂ ਕਰਨ ਲਈ ਉਸ ਕੋਲ ਕੋਈ ਮਾਪਦੰਡ ਨਾ ਹੋਵੇ । ਅਤੇ ਬਾਈਬਲ ਬਿਆਨ ਕਰਦੀ ਹੈ ਕਿ ਉਹ ਸਾਰੇ ਮਨੁੱਖਾਂ ਦਾ ਨਿਆਂ ਯਿਸੂ ਮਸੀਹ ਦੁਆਰਾ ਕਰੇਗਾ ਅਤੇ ਯਿਸੂ ਮਸੀਹ ਵਚਨ ਹੈ । ਸੰਤ ਯੂਹੰਨਾ ਪਹਿਲੇ ਅਧਿਆਏ ਵਿੱਚ ਲਿਖਿਆ ਹੈ ਕਿ:

*ਆਦ ਵਿੱਚ ਸਬਦ ਸੀ ਅਤੇ ਸਬਦ ਪਰਮੇਸ਼ੁਰ ਦੇ ਸੰਗ ਸੀ, ਅਤੇ ਵਚਨ ਹੀ ਪਰਮੇਸ਼ੁਰ ਸੀ ।*

*ਅਤੇ ਸਬਦ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ...*

9 ਅਤੇ ਅੱਜ ਅਸੀਂ ਸਾਰੇ ਉਸਦੇ ਗੁਣਾਂ ਦਾ ਪ੍ਰਗਟਾਵਾ ਹਾਂ । ਪਰਮੇਸ਼ੁਰ ਵਿੱਚ...ਪਹਿਲਾਂ ਤਾਂ ਉਹ ਪਰਮੇਸ਼ੁਰ ਵੀ ਨਹੀਂ ਸੀ, ਅਸੀਂ ਉਸ ਨੂੰ "ਇੱਕ ਜੋ ਅਨੰਤ ਹੈ" ਕਹਿ ਸਕਦੇ ਸੀ । ਉਹ ਪਰਮੇਸ਼ੁਰ ਨਹੀਂ ਸੀ ਕਿਉਂਕਿ *ਪਰਮੇਸ਼ੁਰ* (ਅੰਗ੍ਰੇਜੀ ਸ਼ਬਦ GOD) ਸ਼ਬਦ ਦਾ ਅਰਥ ਹੈ "ਅਰਾਧਨਾ ਦੀ ਵਸਤੂ" ਅਤੇ ਉਥੇ ਉਸਦੀ ਅਰਾਧਨਾ ਕਰਨ ਵਾਸਤੇ ਕੁਝ ਵੀ ਨਹੀਂ ਸੀ । ਇਸਲਈ ਉਹ ਇਕ ਅਨੰਤ ਸੀ, ਸਿਆਣਪ ਦਾ ਮੁੱਖ ਚਸ਼ਮਾ ਸੀ । ਅਤੇ ਸਿਆਣਪ ਦੇ ਇਸ ਚਸ਼ਮੇ ਵਿਚ ਇੱਕ ਵੀ ਅੰਨੁ ਜਾਂ ਪਰਮਾਣੂ ਨਹੀਂ ਸੀ, ਪ੍ਰਕਾਸ਼, ਤਾਰੇ, ਚੰਦ ਕੁਝ ਵੀ ਨਹੀਂ ਸੀ। ਉਹ ਜਿਸ ਨੂੰ ਅਸੀਂ ਪਰਮੇਸ਼ੁਰ ਦੇ ਰੂਪ ਵਿੱਚ ਜਾਣਦੇ ਹਾਂ (ਜਿਸਦੀ ਨਾ ਕੋਈ ਸੁਰੂਆਤ ਹੈ, ਨਾ ਕੋਈ ਅੰਤ ਹੈ), ਉਹ ਮਹਾਨ ਆਤਮਾ ਜੋ ਅਨੰਤ ਹੈ ਉਥੇ ਸੀ । ਅਤੇ ਉਸ ਦੇ ਵਿੱਚ ਗੁਣ ਸਨ: ਪਰਮੇਸ਼ੁਰ (GOD) ਬਣਨਾ ਇਕ ਗੁਣ ਸੀ, ਫਿਰ ਇਕ ਪਿਤਾ ਹੋਣਾ ਉਸਦਾ ਗੁਣ ਸੀ, ਇੱਕ ਪੁੱਤਰ ਹੋਣਾ ਗੁਣ ਸੀ, ਇੱਕ ਮੁਕਤੀਦਾਤਾ ਹੋਣਾ ਗੁਣ ਸੀ, ਚੰਗਾਈ ਦੇਣ ਵਾਲਾ ਹੋਣਾ ਇੱਕ ਗੁਣ ਸੀ । ਇਹ ਸਾਰੇ ਗੁਣ ਉਸ ਵਿੱਚ ਸਨ । ਅਤੇ ਹੁਣ ਉਹ...ਉਦੋਂ ਤੋਂ ਸਾਰੀਆਂ ਚੀਜਾਂ ਜੋ ਪ੍ਰਗਟ ਕੀਤੀਆਂ ਗਈਆਂ ਹਨ ਉਹ ਸਿਰਫ ਉਸਦੇ ਗੁਣ ਹਨ ਜੋ ਵਿਅਕਤ ਕੀਤੇ ਗਏ ਹਨ ।

10 ਮੇਰਾ ਮਤਲਬ ਹੈ ਕਿ ਉਸਦੇ "ਵਿਚਾਰ" ਹੀ ਉਸਦੇ *ਗੁਣ* ਹਨ । ਅਤੇ ਇੱਕ—ਇੱਕ ਵਚਨ "ਵਿਚਾਰ ਦਾ ਵਿਅਕਤ ਕੀਤਾ ਜਾਣਾ" ਹੈ । ਅਤੇ ਉਹ ਉਸਦੇ ਵਿਚਾਰਾਂ ਵਿਚ ਸੀ । ਅਤੇ ਜੱਦ ਉਸਨੇ ਕਿਹਾ ਕਿ, "ਉਥੇ ਹੋ ਜਾਵੇ, "ਅਤੇ ਹੋ ਗਿਆ । "ਉਥੇ ਹੋ ਜਾਵੇ," ਅਤੇ ਹੋ ਗਿਆ ।

11 ਅਤੇ ਹੁਣ, ਇਹ ਚੇਤੇ ਰਖੋ, ਇਸ ਤੋਂ ਪਹਿਲਾਂ ਕਿ ਕੋਈ ਦੁਨੀਆਂ ਹੁੰਦੀ ਤੁਸੀਂ ਸਾਰੇ ਮਸੀਹੀ ਉਸਦੇ ਵਿਚਾਰਾਂ ਵਿੱਚ ਸੀ । ਅਤੇ ਤੁਸੀਂ ਉਸਦੇ ਵਿਚਾਰਾਂ ਦਾ ਪ੍ਰਗਟਾਵਾ ਹੋ। ਸੰਸਾਰ ਦੇ ਹੋਣ ਤੋਂ ਵੀ ਪਹਿਲਾਂ ਤੁਸੀਂ ਮਸੀਹ ਦੇ ਅੰਦਰ ਸੀ, (ਆਮੀਨ) ਤੁਸੀਂ ਸ਼ੁਰੂਆਤ ਵਿੱਚ ਹੀ ਪਰਮੇਸ਼ੁਰ ਦੇ ਅੰਦਰ ਸੀ। ਤੁਸੀਂ ਵੇਖਦੇ ਹੋ ਕਿ ਇਹ ਤੁਹਾਨੂੰ ਪਰਮੇਸ਼ੁਰ ਦਾ ਹਿੱਸਾ ਬਣਾਉਂਦਾ ਹੈ । ਅਤੇ ਇਹ ਸਾਰਾ ਕੁਝ ਪਰਮੇਸ਼ੁਰ ਹੀ ਹੈ, ਜੋ ਆਪਣੇ ਆਪ ਨੂੰ ਸਾਕਾਰ ਰੂਪ ਵਿੱਚ ਢਾਲ ਰਿਹਾ ਹੈ ਤਾਂਕਿ ਉਸਨੂੰ ਛੁਹਿਆ ਅਤੇ ਵੇਖਿਆ ਜਾ ਸਕੇ । ਅਤੇ ਇਹ ਸਭ ਕੁਝ ਹੀ ਪਰਮੇਸ਼ੁਰ ਹੈ ।

12 ਫਿਰ ਲੋਕ ਕਹਿੰਦੇ ਹਨ, "ਅਨੁਵਾਦ..." ਬਹੁਤ ਜਿਆਦਾ ਸਮਾਂ ਨਹੀਂ ਹੋਇਆ ਮੈਂ ਇੱਕ ਮੀਟਿੰਗ ਵਿੱਚ ਬੋਲ ਰਿਹਾ ਸੀ, ਇੱਕ ਆਦਮੀ ਨੇ ਮੈਨੂੰ ਕਿਹਾ, "ਭਾਈ ਬ੍ਰਾਨਹਮ, ਤੁਹਾਡੇ ਕੋਲ ਇਸਦਾ ਗਲਤ ਅਨੁਵਾਦ ਹੈ । ਤੁਸੀਂ ਸਹੀ ਅਨੁਵਾਦ ਨਹੀਂ ਕਰਦੇ ਹੋ ।"

13 ਹੁਣ ਅਸੀਂ ਸੁਣਦੇ ਹਾਂ...ਉਹ ਮੈਥੋਡਿਸਟਾਂ ਕੋਲ ਜਾਂਦੇ ਹਨ ਅਤੇ ਉਹ ਕਹਿੰਦੇ ਹਨ "ਬੈਪਟਿਸਟ ਸਹੀ ਅਨੁਵਾਦ ਨਹੀਂ ਕਰਦੇ ।" ਬੈਪਟਿਸਟ ਕਹਿੰਦੇ ਹਨ, "ਪੈਟੀਂਕਾਸਟਲ ਨਹੀਂ ਕਰਦੇ ।" ਪੈਟੀਂਕਾਸਟਲ ਕਹਿੰਦੇ ਹਨ, "ਵਨਨੈਸ ਵਾਲੇ ਸਹੀ ਨਹੀਂ ਕਰਦੇ ।" ਵਨਨੈਸ ਵਾਲੇ ਕਹਿੰਦੇ ਹਨ, "ਅਸੈਂਬਲੀ ਵਾਲੇ ਨਹੀਂ ਕਰਦੇ ।" ਅਤੇ ਹਰੇਕ ਕਹਿੰਦਾ ਹੈ ਕਿ ਦੂਜਾ ਗਲਤ ਹੈ ।

14 ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ! ਉਸਨੂੰ ਕਿਸੇ ਦੀ ਲੋੜ੍ਹ ਨਹੀਂ ਕਿ ਉਸਦੇ ਲਈ ਅਨੁਵਾਦ ਕਰੇ । ਉਹ ਆਪਣਾ ਅਨੁਵਾਦ ਆਪ ਹੀ ਕਰਦਾ ਹੈ । ਕੋਣ ਮਨੁੱਖ ਹੈ ਜੋ ਪਰਮੇਸ਼ੁਰ ਦਾ ਅਨੁਵਾਦ ਕਰ ਸਕਦਾ ਹੈ? ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ ।

15 ਹੁਣ ਇਥੇ ਪਤਰਸ ਬੋਲ ਰਿਹਾ ਹੈ, ਅਸੀਂ ਵੇਖਦੇ ਹਾਂ ਕਿ ਆਦ ਵਿੱਚ ਪਰਮੇਸ਼ੁਰ ਨੇ ਕਿਹਾ ਸੀ, "ਚਾਨਣ ਹੋ ਜਾਵੇ," ਅਤੇ ਉਥੇ ਚਾਨਣ ਹੋ ਗਿਆ, ਇਹੀ ਇਸਦਾ ਅਨੁਵਾਦ ਹੈ । ਜਦੋਂ ਪਰਮੇਸ਼ੁਰ ਨੇ ਕੁਝ ਕਿਹਾ ਅਤੇ ਉਹ ਪ੍ਰਗਟ ਹੋ ਗਿਆ ਤਾਂ ਫਿਰ ਇਹ ਹੀ ਪਰਮੇਸ਼ੁਰ ਦਾ ਅਨੁਵਾਦ ਹੈ ਕਿ ਉਸਦਾ ਵਚਨ ਸਹੀ ਹੈ । ਵੇਖਿਆ ਜਦੋਂ ਉਸਨੇ ਕਿਹਾ, "ਚਾਨਣ ਹੋ ਜਾਵੇ," ਇਸ ਤੋਂ ਪਹਿਲਾਂ ਕਿ ਚਾਨਣ ਵਰਗੀ ਕੋਈ ਚੀਜ਼ ਹੁੰਦੀ ਇਹ ਪਹਿਲਾਂ ਹੀ ਉਸ ਦੇ ਵਿਚਾਰਾਂ ਵਿੱਚ ਸੀ । ਜਦੋਂ ਉਸਨੇ ਕਿਹਾ, "ਚਾਨਣ ਹੋ ਜਾਵੇ," ਚਾਨਣ ਆਕਾਸ਼ ਵਿੱਚ ਫੈਲ ਗਿਆ, ਇਹ ਹੀ ਉਸਦਾ ਅਨੁਵਾਦ ਸੀ । ਪਰਮੇਸ਼ੁਰ ਨੇ ਏਦਾਂ ਕਿਹਾ ਤਾਂ ਉਹ ਹੋ ਗਿਆ, ਕਿਸੇ ਨੂੰ ਇਸਦਾ ਅਨੁਵਾਦ ਨਹੀਂ ਕਰਨਾ ਪਿਆ । ਆਦਮੀ ਇਸ ਨੂੰ ਕਿਓਂ ਨਹੀਂ ਵੇਖ ਸਕਦੇ? ਲੋਕ ਇਸ ਨੂੰ ਕਿਓਂ ਨਹੀ ਵੇਖਦੇ?

16 ਜਦੋਂ ਪਰਮੇਸ਼ੁਰ ਇੱਕ ਵਾਅਦਾ ਕਰਦਾ ਹੈ ਅਤੇ ਕਹਿੰਦਾ ਹੈ...ਆਦ ਵਿੱਚ, ਉਤਪਤ ਵਿੱਚ, ਉਸਨੇ ਹਰੇਕ ਕਾਲ (ਯੁੱਗ) ਲਈ ਆਪਣਾ ਵਚਨ ਨਿਰਧਾਰਿਤ ਕਰਕੇ ਵੰਡ ਦਿਤਾ ਅਤੇ ਜਿਵੇਂ ਜਿਵੇਂ ਇਹ ਸੁਰੂਆਤ ਤੋਂ ਅੰਤ ਤੀਕ ਆਇਆ ਅਤੇ ਇਹਨਾਂ ਸਾਰੇ ਯੁੱਗਾਂ ਦੇ ਦੋਰਾਨ ਸੰਸਾਰਿਕ ਕਲੀਸਿਯਾ ਨੇ ਇਸਨੂੰ ਰੀਤੀ-ਰਿਵਾਜਾਂ ਨਾਲ ਮਿਲਾ ਦਿਤਾ ਹੈ । ਪੁਰਾਣੇ ਅਤੇ ਨਵੇਂ ਨੇਮ ਵਿੱਚ ਪਰਮੇਸ਼ੁਰ ਹਮੇਸ਼ਾ ਦ੍ਰਿਸ਼ ਤੇ ਆਪਣੇ ਨਬੀਆਂ ਨੂੰ ਭੇਜਦਾ ਰਿਹਾ ਹੈ! ਅਤੇ ਪਰਮੇਸ਼ੁਰ ਦਾ ਵਚਨ ਨਬੀ ਕੋਲ ਆਉਂਦਾ ਹੈ । ਅਤੇ ਉਹ ਇੰਝ ਕਿਵੇਂ ਕਰਦਾ ਹੈ? ਉਹ ਪਰਮੇਸ਼ੁਰ ਦੇ ਵਚਨ ਨੂੰ ਪ੍ਰਗਟ ਕਰਦਾ ਹੈ । ਪਰਮੇਸ਼ੁਰ ਦਾ ਪ੍ਰਗਟਾਵਾ ਇਹ ਦੱਸਦਾ ਹੈ ਕਿ ਇਹ ਸਹੀ ਹੈ ਜਾਂ ਗਲਤ । ਕਿਸੇ ਨੂੰ ਇਸਦਾ ਅਨੁਵਾਦ ਕਰਨ ਦੀ ਲੋੜ੍ਹ ਨਹੀਂ, ਵਚਨ ਆਪ ਹੀ ਆਪਣਾ ਅਨੁਵਾਦ ਕਰਦਾ ਹੈ । ਪਰਮੇਸ਼ੁਰ ਵਾਅਦਾ ਕਰਦਾ ਹੈ ਅਤੇ ਇਹ ਹੋ ਜਾਂਦਾ ਹੈ!

17 ਇਸਦੇ ਬਾਰੇ ਕੁਝ ਹੋਰ ਕਹਿਣ ਨਾਲ ਕੀ ਭਲਾ ਹੁੰਦਾ ਹੈ? ਫਿਰ ਇੱਕ ਪਾਪੀ ਮਨੁੱਖ ਕੋਣ ਹੈ ਜੋ ਇਹ ਕਹਿਣ ਦੀ ਕੋਸ਼ਿਸ਼ ਕਰੇ (ਜਦੋਂ ਪਰਮੇਸ਼ੁਰ ਇਕ ਵਾਅਦਾ ਕਰਦਾ ਹੈ ਅਤੇ ਇਸਨੂੰ ਪੂਰਾ ਕਰਦਾ ਹੈ) ਕਿ ਇਹ ਅਨੁਵਾਦ ਗਲਤ ਹੈ? ਇਹ ਪਰਮੇਸ਼ੁਰ ਆਪ ਹੀ ਹੈ ਜੋ ਆਪਣਾ ਅਨੁਵਾਦ ਕਰ ਰਿਹਾ ਹੈ । ਉਸ ਨੂੰ ਕਿਸੇ ਦੀ ਲੋੜ੍ਹ ਨਹੀਂ ਕਿ ਉਸਦਾ ਅਨੁਵਾਦ ਕਰੇ, ਉਸਨੇ ਜੋ ਕਰਨ ਦਾ ਵਾਅਦਾ ਕੀਤਾ ਸੀ ਉਹ ਪੂਰਾ ਕਰਕੇ ਆਪਣਾ ਅਨੁਵਾਦ ਕਰਦਾ ਹੈ ।

18 ਔਹ, ਜੇਕਰ ਕਲੀਸਿਯਾ ਸਿਰਫ ਇਹ ਅਤੇ ਉਹਨਾਂ ਵਾਅਦਿਆਂ ਨੂੰ ਵੇਖ ਸਕਦੀ ਜੋ ਹਰੇਕ ਕਾਲ ਲਈ ਮੁਕੱਰਰ ਕੀਤੇ ਗਏ ਸਨ! ਹਰੇਕ ਕਾਲ ਵਿੱਚ ਪਰਮੇਸ਼ੁਰ ਨੇ ਦ੍ਰਿਸ਼ ਤੇ ਭੇਜਿਆ ਹੈ (ਸੱਤ ਕਲੀਸਿਯਾਈ ਕਾਲਾਂ ਵਿੱਚ ਵੀ) ਅਤੇ ਉਹ ਸਭ ਕੁਝ ਪ੍ਰਗਟ ਕੀਤਾ ਹੈ ਜੋ ਉਸਨੇ ਕਰਨ ਦਾ ਵਾਅਦਾ ਕੀਤਾ ਸੀ । ਸਭ ਕੁਝ, ਇੱਕ ਵੀ ਚੀਜ਼ ਨਹੀਂ ਹੈ ਜੋ ਅਧੂਰੀ ਛੱਡੀ ਗਈ ਹੈ । ਜਿਵੇਂ ਉਸ ਨੇ ਕਿਹਾ ਸੀ ਉਸਨੇ ਠੀਕ ਉਸੇ ਤਰ੍ਹਾਂ ਹੀ ਕਰ ਦਿਤਾ ਹੈ ।

19 ਕਿਓਂਕਿ ਪਰਮੇਸ਼ੁਰ ਨੇ ਯਸਾਯਾਹ ਦੀ ਪੁਸਤਕ ਵਿੱਚ ਕਿਹਾ ਸੀ, "ਇੱਕ ਕੁਵਾਰੀ ਗਰਭਵਤੀ ਹੋਵੇਗੀ," ਅਤੇ ਉਹ ਹੋਈ ਸੀ । ਹੁਣ ਕੋਣ ਇਸਦਾ ਅਨੁਵਾਦ ਕਰ ਸਕਦਾ ਹੈ । ਪਰਮੇਸ਼ੁਰ ਨੇ ਇਸਦਾ ਅਨੁਵਾਦ ਕੀਤਾ ਸੀ । ਉਸਨੇ ਕਿਹਾ ਸੀ, "ਇਕ ਕੁਵਾਰੀ ਗਰਭਵਤੀ ਹੋਵੇਗੀ," ਅਤੇ ਉਹ ਗਰਭਵਤੀ ਹੋਈ ਸੀ । ਹੁਣ, ਤੁਸੀਂ ਕੀ ਹੋ...ਤੁਸੀਂ ਨਹੀਂ ਕਰ ਸਕਦੇ... ਇਸਦੇ ਬਾਰੇ ਕੁਝ ਵੀ ਨਹੀ ਕਿਹਾ ਜਾ ਸਕਦਾ, ਕਿਓਂਕਿ ਪਰਮੇਸ਼ੁਰ ਨੇ ਕਿਹਾ ਕਿ ਉਹ ਹੋਵੇਗੀ ਅਤੇ ਉਹ ਹੋਈ ਸੀ । ਪਰ ਉਹ ਕਲੀਸਿਯਾ ਇਸ ਨੂੰ ਵੇਖਣ ਲਈ ਬਹੁਤ ਜਿਆਦਾ ਅੰਨ੍ਹੀ ਸੀ । ਵੇਖੋ, ਉਹਨਾਂ ਦਾ ਇਸਦੇ ਬਾਰੇ ਆਪਣਾ ਹੀ ਵਿਚਾਰ ਸੀ । ਜੋ ਉਹ ਉਮੀਦ ਕਰ ਰਹੇ ਸਨ ਉਸ ਨਾਲੋਂ ਇਹ ਬਹੁਤ ਜਿਆਦਾ ਅਲਗ ਸੀ ।

20 ਪਤਰਸ ਇਥੇ ਪਿਛਾਂਹ ਦਾ ਹਵਾਲਾ ਦੇ ਕੇ ਕਹਿ ਰਿਹਾ ਸੀ, "ਪਰਮੇਸ਼ੁਰ ਨੇ ਮਸੀਹ ਨੂੰ ਆਪਣੇ ਵਚਨ ਨਾਲ ਪ੍ਰਗਟ ਕੀਤਾ, ਉਸਨੇ ਕਿਹਾ, "ਇਹ ਮੇਰਾ ਪਿਆਰਾ ਪੁੱਤਰ ਹੈ ।" ਇਹ ਵਿਸ਼ਵਾਸੀ ਉਥੇ ਖੜ੍ਹੇ ਸਨ । ਅਤੇ ਮਸੀਹ ਪਰਮੇਸ਼ੁਰ ਦਾ ਪ੍ਰਗਟੀਕਰਣ ਸੀ । ਉਸਨੇ ਮਸੀਹ ਨੂੰ ਹਮੇਸ਼ਾ ਆਪਣੇ ਵਚਨ ਦੁਆਰਾ ਪ੍ਰਗਟ ਕੀਤਾ ਕਿਉਂਕਿ ਮਸੀਹ ਵਚਨ ਹੈ । ਉਹ ਹਮੇਸ਼ਾ ਪ੍ਰਗਟ ਕਰਦਾ ਹੈ ।

21 ਜਦੋਂ ਉਸਨੇ ਕਿਹਾ...ਨੂਹ ਦੇ ਦਿਨਾਂ ਵਿੱਚ ਮਸੀਹ ਨੂਹ ਦੇ ਅੰਦਰ ਸੀ । ਕੀ ਤੁਸੀਂ ਇਸਦਾ ਵਿਸ਼ਵਾਸ ਕਰਦੇ ਹੋ? ਨੂੰਹ ਨੇ ਕਿਹਾ, "ਵਰਖਾ ਹੋਣ ਵਾਲੀ ਹੈ । ਇੱਕ ਅਜਿਹੀ ਵਰਖਾ ਹੋਵੇਗੀ ਕਿ ਧਰਤੀ ਤਬਾਹ ਹੋ ਜਾਵੇਗੀ ।" ਵਰਖਾ ਹੋਈ । ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਸੀ । ਕਿਉਂਕਿ ਪਰਮੇਸ਼ੁਰ ਨੇ ਨੂਹ ਦੇ ਅੰਦਰੋ ਕਿਹਾ ਸੀ, "ਵਰਖਾ ਹੋਣ ਵਾਲੀ ਹੈ ।" ਉਹ ਇੱਕ ਨਬੀ ਸੀ, ਅਤੇ ਇਸਦਾ ਸਬੂਤ ਇਹ ਸੀ ਕਿ ਜੋ ਉਸਨੇ ਕਿਹਾ ਉਹ ਪੂਰਾ ਹੋ ਗਿਆ । ਇਸਲਈ ਉਹਨਾਂ ਨੂੰ ਇਸਦਾ ਅਨੁਵਾਦ ਕਰਨ ਦੇ ਲੋੜ੍ਹ ਨਹੀ ਹੈ ।

22 ਹੋ ਸਕਦਾ ਹੈ ਉਹਨਾਂ ਵਿਚੋਂ ਕਈਆਂ ਨੇ ਕਿਹਾ ਹੋਵੇਗਾ, "ਇਸ ਮਨੁੱਖ ਨੂੰ ਕੋਈ ਪਤਾ ਨਹੀਂ ਕਿ ਇਹ ਕੀ ਬੋਲ ਰਿਹਾ ਹੈ ।"

23 ਪਰ ਪਰਮੇਸ਼ੁਰ ਨੇ ਹਮੇਸ਼ਾ ਵਾਅਦਾ ਕੀਤਾ ਹੈ, "ਜੇਕਰ ਤੁਹਾਡੇ ਵਿਚੋਂ ਕੋਈ ਆਤਮਿਕ ਜਾਂ ਨ੍ਬੀ ਹੋਵੇ ਅਤੇ ਜੋ ਉਹ ਕਹੇ ਪੂਰਾ ਹੁੰਦਾ ਹੋਵੇ ਤਾਂ ਉਸਦੀ ਸੁਣਿਓ ।" ਇਹ ਠੀਕ ਹੈ ਕਿਉਂਕਿ ਇਹ ਸੱਚ ਹੈ ।ਇਹ ਵਚਨ ਦੇ ਅਨੁਸਾਰ ਹੀ ਹੋਣਾ ਹੈ । ਅਤੇ ਨੂਹ ਵਚਨ ਦੇ ਅਨੁਸਾਰ ਸੀ । ਜਦੋਂ ਉਸਨੇ ਭਵਿੱਖਬਾਣੀ ਕੀਤੀ ਭਈ ਵਰਖਾ ਹੋਵੇਗੀ ਤਾਂ ਵਰਖਾ ਹੋਈ । ਕਿਉਂਕਿ ਇਹ ਠੀਕ ਉਸੇ ਤਰ੍ਹਾਂ ਵਾਪਰਿਆ ਇਸ ਲਈ ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀ ਪਈ ।

24 ਯਸਾਯਾਹ ਨੇ ਕਿਹਾ ਸੀ, "ਇੱਕ ਕੁਵਾਰੀ ਗਰਭਵਤੀ ਹੋਵੇਗੀ," ਅਤੇ ਉਹ ਹੋਈ । ਹੁਣ ਇਹ ਬਹੁਤ ਹੀ ਜਿਆਦਾ ਅਨੋਖੀ ਗਲ ਸੀ । ਕਿਉਂਕਿ ਤੁਸੀਂ ਵੇਖਦੇ ਹੋ ਕਿ ਇਹ ਭਵਿੱਖਬਾਣੀ ਕੁਵਾਰੀ ਦੇ ਗਰਭਵਤੀ ਹੋਣ ਤੋਂ ਕਈ ਸੋ ਸਾਲ ਪਹਿਲਾਂ ਹੋਈ ਸੀ ।

25 ਇਹ ਇਨੀ ਅਨੋਖੀ ਗਲ ਸੀ ਕਿ ਯੂਸੁਫ਼ ਨਾਂ ਦਾ ਇੱਕ ਭਲਾ ਮਨੁੱਖ, ਜੋ ਉਸਦਾ ਪਤੀ ਸੀ, "ਉਹ ਇੱਕ ਧਰਮੀ ਮਨੁੱਖ ਸੀ ਅਤੇ ਉਸਨੂੰ ਲੋਕਾਂ ਵਿੱਚ ਉਦਾਹਰਨ ਨਹੀਂ ਬਣਾਉਣਾ ਚਾਹੁੰਦਾ ਸੀ..." ਜਦਕਿ ਉਸਦੀ ਮੰਗਣੀ ਮਰੀਅਮ ਨਾਲ ਹੋ ਚੁਕੀ ਸੀ, ਉਹਨਾਂ ਦਿਨਾਂ ਵਿਚ ਭਲੇ ਮਨੁੱਖ ਯੂਸੁਫ਼ ਨਾਲ ਕੀ ਬੀਤੀ ਹੋਵੇਗੀ ।

26 ਮਰੀਅਮ ਦੀ ਮੰਗਣੀ ਹੋ ਚੁਕੀ ਸੀ । ਉਹਨਾਂ ਦਿਨਾਂ ਵਿੱਚ ਮੰਗਣੀ ਤੋੜ੍ਹਨਾ ਵਿਭਚਾਰ ਦੇ ਬਰਾਬਰ ਸੀ । ਬੇਸ਼ਕ ਯੂਸੁਫ਼ ਨੂੰ ਇਹ ਲਗਿਆ ਹੋਵੇਗਾ ਕਿ ਮਰੀਅਮ ਉਸਨੂੰ ਆਪਣੀ ਗਲਤੀ ਲਈ ਢਾਲ ਬਣਾ ਰਹੀ ਹੈ, ਕਿਉਂਕਿ ਉਹ ਗਰਭਵਤੀ ਪਾਈ ਗਈ ਸੀ ਅਤੇ ਉਸਦਾ ਵਿਆਹ ਨਹੀਂ ਸਿਰਫ ਮੰਗਣੀ ਹੋਈ ਸੀ । ਇਸ ਤਰ੍ਹਾਂ ਦੇ ਫਰੇਬ ਲਈ ਉਸਨੂੰ ਪਥਰਾਓ ਕਰਕੇ ਮਾਰ ਦਿਤਾ ਜਾਣਾ ਸੀ; ਸਰ੍ਹਾ ਦੇ ਅਨੁਸਾਰ ਇੰਞ ਹੀ ਹੋਣਾ ਸੀ ।

27 ਅਤੇ ਉਸਦਾ ਪਤੀ ਯੂਸੁਫ਼ ਇੱਕ ਬਹੁਤ ਹੀ ਭਲਾ ਮਨੁੱਖ ਸੀ । ਉਹ ਪਰਮੇਸ਼ੁਰ ਤੇ ਭਰੋਸਾ ਰਖਦਾ ਸੀ ।ਅਤੇ ਜਦੋਂ ਮਰੀਅਮ ਨੇ ਆਪਣੀਆਂ ਵਡੀਆਂ-ਵਡੀਆਂ ਸੁੰਦਰ ਕੋਮਲ ਅੱਖਾਂ ਨਾਲ ਉਸ ਵਲ ਵੇਖ ਕੇ ਕਿਹਾ, "ਯੂਸੁਫ਼, ਪਰਧਾਨ ਦੂਤ ਜਿਬਰਾਏਲ ਮੇਰੇ ਕੋਲ ਆਇਆ ਅਤੇ ਮੈਨੂੰ ਕਿਹਾ ਹੈ ਕਿ ਕਿਸੇ ਮਨੁੱਖ ਨੂੰ ਜਾਣੇ ਬਿਨਾ ਮੈਂ ਗਰਭਵਤੀ ਹੋਣ ਜਾ ਰਹੀ ਹਾਂ ।"

28 ਹੁਣ, ਜੇਕਰ ਯੂਸੁਫ਼ ਜਾ ਕੇ ਵਚਨ ਵਿੱਚ ਵੇਖਦਾ ਕਿ ਨਬੀ ਨੇ ਕਿਹਾ ਸੀ ਕਿ ਇੰਝ ਹੀ ਹੋਵੇਗਾ! ਇਹ ਸਿਰਫ ਪਰਮੇਸ਼ੁਰ ਆਪਣੇ ਹੀ ਵਚਨ ਦਾ ਅਨੁਵਾਦ ਕਰ ਰਿਹਾ ਸੀ । ਵੇਖਿਆ? ਪਰ ਇਹ ਬਹੁਤ ਹੀ ਅਜੀਬ ਸੀ ।

29 ਹਰੇਕ ਕਾਲ ਵਿੱਚ ਇਹੀ ਮਾਮਲਾ ਰਿਹਾ ਹੈ । ਪਰਮੇਸ਼ੁਰ ਦਾ ਵਚਨ ਲੋਕਾਂ ਲਈ ਉਪਰਾ ਹੁੰਦਾ ਹੈ; ਇਹ ਬਹੁਤ ਹੀ ਅਜੀਬ ਹੁੰਦਾ ਹੈ । ਪਰਮੇਸ਼ੁਰ ਹਮੇਸ਼ਾ ਅਨੋਖੇ ਕੰਮ ਕਰਦਾ ਹੈ । ਜਿਥੇ ਵੀ ਪਰਮੇਸ਼ੁਰ ਹੈ ਉਥੇ ਅਜੀਬ ਗਲਾਂ ਹੁੰਦੀਆਂ ਹਨ । ਇਹ ਸੰਸਾਰ ਦੀ ਵਿਵਸਥਾ ਦੇ ਉਲਟ ਹੈ ਕਿਓਂਕਿ ਇਹ ਉਹਨਾਂ ਦੀ ਆਪਣੀ ਸਮਝ ਦੇ ਅਨੁਸਾਰ ਹੈ । ਪਰ ਪਰਮੇਸ਼ੁਰ ਅੰਦਰ ਆਉਂਦਾ ਹੈ ਅਤੇ ਅਜੀਬ ਕੰਮ ਕਰਦਾ ਹੈ ।

30 ਉਹ ਇਮਾਨਦਾਰ ਸੀ, ਉਸਨੇ ਪਰਮੇਸ਼ੁਰ ਤੋਂ ਇਸ ਦੇ ਬਾਰੇ ਪੜਤਾਲ ਕੀਤੀ, "ਕੁਵਾਰੀ ਕਿਵੇਂ ਗਰਭਵਤੀ ਹੋ ਸਕਦੀ ਹੈ?"

31 ਅਤੇ ਫਿਰ ਪਰਮੇਸ਼ੁਰ ਉਸ ਨਾਲ ਇੱਕ ਸੁਫਨੇ ਵਿੱਚ ਬੋਲਿਆ ਅਤੇ ਕਿਹਾ, "ਯੂਸੁਫ਼, ਤੂੰ ਜੋ ਦਾਊਦ ਦਾ ਪੁੱਤਰ ਹੈਂ, ਮਰੀਅਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ ਕਿਓਂਕਿ ਜਿਹੜਾ ਉਸ ਦੇ ਗਰਭ ਵਿੱਚ ਹੈ ਉਹ ਪਵਿੱਤਰ ਆਤਮਾ ਤੋਂ ਹੈ ।" ਪਰਮੇਸ਼ੁਰ ਨੇ ਉਸ ਤੇ ਸਾਇਆ ਕੀਤਾ ਹੈ ਅਤੇ ਇਸ ਨਾਲ ਹੀ ਇਹ ਹੋਇਆ ਹੈ ।

32 ਕੀ ਤੁਸੀਂ ਕਦੇ ਧਿਆਨ ਦਿਤਾ ਕਿ ਪਰਮੇਸ਼ੁਰ ਨੇ ਯੂਸੁਫ਼ ਨਾਲ ਕਿਵੇਂ ਵਿਹਾਰ ਕੀਤਾ? ਇਕ ਸੁਫਨੇ ਦੁਆਰਾ ਜੋ ਕਿ ਦੂਸਰਾ ਤਰੀਕਾ ਸੀ । ਹੁਣ, ਅਸੀਂ ਸੁਫਨਿਆਂ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਅਸੀਂ ਜਾਣਦੇ ਹਾਂ ਕਿ ਸੁਫਨੇ ਹੁੰਦੇ ਹਨ । ਮੈਂ ਸੁਫਨਿਆਂ ਵਿੱਚ ਵਿਸ਼ਵਾਸ ਕਰਦਾ ਹਾਂ । ਹੁੰਦਾ ਆਇਆ… ਪਰਮੇਸ਼ੁਰ ਨੇ ਹਮੇਸ਼ਾ ਲੋਕਾਂ ਨਾਲ ਸੁਫਨਿਆਂ ਦੁਆਰਾ ਵਿਹਾਰ ਕੀਤਾ ਹੈ । ਪਰ ਸੁਫਨੇ ਮੁੱਖ ਤਰੀਕਾ ਨਹੀਂ ਹਨ, ਵੇਖੋ, ਇੱਕ ਸੁਫਨਾ ਸਹੀ ਜਾਂ ਗਲਤ ਹੋ ਸਕਦਾ ਹੈ ਜਦ ਤਕ ਉਸ ਦਾ ਅਨੁਵਾਦ ਨਾ ਕੀਤਾ ਜਾਵੇ । ਪਰ ਉਸ ਨੂੰ ਕਿਸੇ ਅਨੁਵਾਦ ਦੀ ਲੋੜ ਨਹੀਂ ਸੀ ਕਿਓਂਕਿ ਅਨੁਵਾਦ ਕਰਨ ਲਈ ਉਸ ਜਗ੍ਹਾ ਤੇ ਕੋਈ ਨਬੀ ਨਹੀਂ ਸੀ, ਇਸਲਈ ਪਰਮੇਸ਼ੁਰ ਆਪ ਹੀ ਯੂਸੁਫ਼ ਨਾਲ ਸਿੱਧੀ ਗਲ ਕਰ ਰਿਹਾ ਸੀ । ਉਥੇ ਚਾਰ ਸੋ ਸਾਲਾਂ ਤੋ ਕੋਈ ਨਬੀ ਨਹੀਂ ਸੀ । ਇਸਲਈ ਅਗਲਾ ਉਤਮ ਤਰੀਕਾ ਸੀ ਕਿ ਪਰਮੇਸ਼ੁਰ ਆਪਣੇ ਪੁੱਤਰ ਦੀ ਭਲਾਈ ਲਈ ਯੂਸੁਫ਼ ਨਾਲ ਸੁਫਨੇ ਰਾਹੀਂ ਗਲ ਕਰੇ ਜਿਸ ਨੂੰ ਅਨੁਵਾਦ ਨਾ ਕਰਨਾ ਪਵੇ । ਉਸਨੇ ਕਿਹਾ, "ਉਹ ਔਰਤ ਸਹੀ ਹੈ । ਉਹ ਪਵਿਤ੍ਰ ਜਣ ਜੋ ਉਸਦੇ ਗਰਭ ਵਿੱਚ ਹੈ ਉਹ ਪਰਮੇਸ਼ੁਰ ਦਾ ਪੁੱਤਰ ਹੈ ।" ਕਿਸੇ ਅਨੁਵਾਦ ਦੀ ਲੋੜ ਨਹੀਂ ਪਈ ।

33 ਇਮਾਨਦਾਰ ਅਤੇ ਖਰੇ ਹਿਰਦਿਆਂ ਲਈ ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦ ਕਰਦਾ ਹੈ, ਆਦਮੀ ਅਤੇ ਔਰਤਾਂ ਜੋ ਉਹਨਾਂ ਚੀਜਾਂ ਵਲ ਵੇਖਦੇ ਹਨ ਜੋ ਰਹੱਸਮਈ ਹਨ, ਪਰਮੇਸ਼ੁਰ ਕੋਲ ਤੁਹਾਡੇ ਲਈ ਇਸਦਾ ਅਨੁਵਾਦ ਕਰਨ ਲਈ ਇਕ ਤਰੀਕਾ ਹੈ ਜੇਕਰ ਤੁਸੀਂ ਇਮਾਨਦਾਰ, ਖਰੇ ਅਤੇ ਵਿਸ਼ਵਾਸ ਵਿੱਚ ਬਣੇ ਰਹਿੰਦੇ ਹੋ । ਪਹਿਲਾਂ ਤਾਂ ਇਹ ਪੱਕਾ ਕਰੋ ਕਿ ਇਹ ਇਕ ਵਾਅਦਾ ਹੈ । ਜੇਕਰ ਯੂਸੁਫ਼ ਸਿਰਫ ਸਾਰੇ ਰਿਵਾਜਾਂ ਤੋਂ ਲਾਂਭੇ ਹੋ ਕੇ ਬਾਈਬਲ ਵੱਲ ਜਾਂਦਾ ਤਾਂ ਜਾਣ ਜਾਂਦਾ ਕਿ ਯਸਾਯਾਹ ਨੇ ਕਿਹਾ ਸੀ ਕਿ ਉਹ ਇੰਝ ਹੀ ਉਹ ਕਰੇਗੀ ।

34 ਅਤੇ ਉਸ ਦੇ ਬਾਰੇ ਸਾਰਾ ਕੁਝ ਅਤੇ ਉਸਦੇ ਜਨਮ ਅਤੇ ਹੋਰ ਜੋ ਕੁਝ ਵੀ ਬੋਲਿਆ ਗਿਆ ਸੀ ਉਹ ਪਵਿਤ੍ਰ ਲਿਖਤਾਂ ਵਿੱਚ ਸੀ, ਜਿਵੇਂ ਪਤਰਸ ਨੇ ਕਿਹਾ ਸੀ, "ਪਵਿਤ੍ਰ ਨਬੀਆਂ ਦੁਆਰਾ ।" ਅਤੇ ਕਿਸੇ ਮਨੁੱਖ ਨੂੰ ਇਸ ਵਿੱਚ ਆਪਣਾ ਨਿਜੀ ਅਨੁਵਾਦ ਪਾਉਣ ਦਾ ਕੋਈ

ਅਧਿਕਾਰ ਨਹੀਂ ਹੈ । ਇਹ ਠੀਕ ਉਸੇ ਤਰ੍ਹਾਂ ਹੋਇਆ ਜਿਵੇ ਪਰਮੇਸ਼ੁਰ ਨੇ ਹੋਣ ਲਈ ਕਿਹਾ ਸੀ । ਉਸ ਦਿਨ ਲਈ ਪਰਮੇਸ਼ੁਰ ਨੇ ਜਿਸ ਵਚਨ ਦਾ ਵਾਅਦਾ ਕੀਤਾ ਸੀ ਉਹ ਉਸ ਦਾ ਪ੍ਰਗਟਾਵਾ ਸੀ । ਪਰਮੇਸ਼ੁਰ ਨੇ ਇਹ ਕਿਹਾ ਸੀ, ਉਸੇ ਤਰ੍ਹਾਂ ਹੋਇਆ ਸੀ । ਇਹੀ ਸਾਰਾ ਮਾਮਲਾ ਖਤਮ ਕਰਦਾ ਹੈ ।

35 ਯਿਸੂ ਨੇ ਕਿਹਾ ਸੀ...ਜਦੋਂ ਉਹ ਧਰਤੀ ਉਤੇ ਸੀ ਅਤੇ ਉਹ ਉਸਦੀ ਮਹਾਨ ਅਤੇ ਅਚਰਜ ਸੇਵਕਾਈ ਨੂੰ ਨਹੀਂ ਸਮਝ ਸਕੇ ਸਨ । ਉਹ ਉਸਨੂੰ ਨਹੀਂ ਸਮਝ ਸਕੇ ਸਨ । ਉਸਨੇ ਕਿਹਾ, "ਲਿਖਤਾਂ ਨੂੰ ਭਾਲੋ!" (ਮੈਨੂੰ ਆਸ ਹੈ ਕਿ ਮੈਂ ਜੋਰ ਨਾਲ ਬੋਲ ਕੇ ਤੁਹਾਨੂੰ ਬੋਲਾ ਨਹੀ ਕਰ ਰਿਹਾ) "ਲਿਖਤਾਂ ਨੂੰ ਭਾਲੋ, ਕਿਓਂਕਿ ਤੁਸੀਂ ਸੋਚਦੇ ਹੋ ਕਿ ਉਹਨਾਂ ਵਿਚੋਂ ਤੁਹਾਨੂੰ ਅਨੰਤ ਜੀਵਨ ਮਿਲੇਗਾ ਅਤੇ ਉਹ ਮੇਰੀ ਹੀ ਸਾਖੀ ਦਿੰਦਿਆਂ ਹਨ ।" ਵੇਖਿਆ? "ਉਹੀ ਲਿਖਤਾਂ ਹੀ ਤੁਹਾਨੂੰ ਦੱਸਦੀਆਂ ਹਨ ਕਿ ਮੈਂ ਕੋਣ ਹਾਂ।"

36 ਵੇਖੋ, ਉਸਨੇ ਵਚਨ ਠਹਿਰਾਇਆ ਸੀ, ਪਰਮੇਸ਼ੁਰ (ਇੰਮਾਨੂਏਲ) ਸਾਡੇ ਸੰਗ, ਉਹ ਦਿਨ ਉਸਦੇ ਪ੍ਰਗਟ ਹੋਣ ਲਈ ਸੀ, "ਉਸਦਾ ਨਾਮ ਇੰਝ ਸਦਿਆ ਜਾਵੇਗਾ ਅਚਰਜ, ਸਲਾਹਕਾਰ, ਸਾਂਤੀ ਦਾ ਰਾਜਕੁਮਾਰ, ਸਕਤੀਮਾਨ ਪਰਮੇਸ਼ੁਰ ਅਤੇ ਉਸਦਾ ਨਾਮ *ਇੰਮਾਨੂਏਲ*, "ਪਰਮੇਸ਼ੁਰ ਸਾਡੇ ਸੰਗ" ਰਖਿਆ ਜਾਵੇਗਾ । ਪਰਮੇਸ਼ੁਰ ਦਾਊਦ ਦੇ ਅੰਦਰ ਸੀ । ਪਰਮੇਸ਼ੁਰ ਮੂਸਾ ਦੇ ਅੰਦਰ ਸੀ । ਪਰਮੇਸ਼ੁਰ! ਇਹ ਪਰਮੇਸ਼ੁਰ ਹੀ ਸੀ ਜੋ ਸਾਰਿਆਂ ਯੁਗਾਂ ਵਿੱਚ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਸੀ । ਪਰ ਇਸ ਯੁੱਗ ਲਈ, "ਇਕ ਕੁਵਾਰੀ ਗਰਭਵਤੀ ਹੋਵੇਗੀ ਅਤੇ ਇਕ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਹ ਪਰਮੇਸ਼ੁਰ ਸਾਡੇ ਸੰਗ ਹੋਵੇਗਾ ।"

37 ਉਹਨਾਂ ਨੇ ਉਸ ਨੂੰ ਇਸ ਲਈ ਸੂਲੀ ਚਾੜ੍ਹਿਆ ਕਿਓਂਕਿ ਉਹ ਆਪਣੇ ਆਪ ਨੂੰ ਪਰਮੇਸ਼ੁਰ ਬਣਾਉਂਦਾ ਸੀ ਅਤੇ ਉਸਨੇ ਸਬਤ ਵੀ ਭੰਗ ਕੀਤਾ ਸੀ । ਉਹ ਪਰਮੇਸ਼ੁਰ ਸੀ ਅਤੇ ਸਬਤ ਦਾ ਵੀ ਪਰਮੇਸ਼ੁਰ ਸੀ । ਅਤੇ ਉਹ ਇੱਕ ਸਾਧਾਰਨ ਮਨੁੱਖ ਜਾਂ ਸਾਧਾਰਨ ਨਬੀ ਨਹੀਂ ਸੀ (ਫਿਰ ਵੀ ਉਹ ਇੱਕ ਸਾਧਾਰਨ ਮਨੁੱਖ ਅਤੇ ਨਬੀ ਸੀ), ਪਰ ਉਹ ਇੱਕ ਪਰਮੇਸ਼ੁਰ-ਨਬੀ ਸੀ । ਅਤੇ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ, ਉਹ ਵਚਨ ਦੀ ਸੰਪੂਰਨਤਾ ਸੀ । ਉਹ ਕਹਿੰਦਾ ਸੀ, "ਤੁਹਾਡੇ ਵਿਚੋਂ ਕਿਹੜਾ ਮੈਨੂੰ ਪਾਪ ਦੇ ਲਈ ਦੋਸ਼ੀ ਠਹਿਰਾ ਸਕਦਾ ਹੈ? ਲਿਖਤਾਂ ਨੂੰ ਭਾਲੋ! ਤੁਸੀਂ ਸੋਚਦੇ ਹੋ ਕਿ ਉਹਨਾਂ ਵਿਚੋਂ ਤੁਹਾਨੂੰ ਅਨੰਤ ਜੀਵਨ ਮਿਲੇਗਾ ਅਤੇ ਉਹ ਹੀ ਹਨ ਜੋ ਮੇਰੀ ਸਾਖੀ ਦੇਂਦੀਆਂ ਹਨ ।" ਪਰ ਆਪਣੇ ਰਿਵਾਜ ਅਨੁਸਾਰ, ਉਹ ਕਿਸੇ ਹੋਰ ਯੁੱਗ ਦੀ ਚਮਕ ਵਿੱਚ ਜੀ ਰਹੇ ਸਨ ।

38 ਜਿਵੇਂ ਮੈਂ ਕੁਝ ਹਫਤੇ ਪਹਿਲਾਂ "*ਚਮਕ ਵਿੱਚ ਰਹਿਣਾ*" ਵਿਸ਼ੇ ਤੇ ਪਰਚਾਰ ਕਰ ਰਿਹਾ ਸੀ। ਚਮਕ "ਇੱਕ ਧੋਖਾ" ਹੈ, ਇਹ ਤਾਂ ਸੂਰਜ ਆਪਣੇ ਆਪ ਨੂੰ ਪ੍ਰਤਿਬਿੰਬਤ ਕਰ ਰਿਹਾ ਹੁੰਦਾ ਹੈ ਅਤੇ ਇਹ ਸਿਰਫ ਇੱਕ ਧੋਖਾ ਹੈ । ਅਤੇ ਕਿਸੇ ਹੋਰ ਯੁੱਗ ਦੀ ਚਮਕ ਇੱਕ ਧੋਖੇ ਵਾਲਾ ਪ੍ਰਤਿਬਿੰਬ ਹੈ । ਲੋਕ ਹਮੇਸ਼ਾ ਉਸ ਪਿਛੇ ਤੁਰੇ ਰਹਿੰਦੇ ਹਨ ਜੋ ਵਰ੍ਹਿਆਂ ਪਹਿਲਾਂ ਹੋਇਆ ਸੀ । ਲੂਥਰਨ ਲੂਥਰ ਦੀ ਚਮਕ ਵਿੱਚ ਚਲ ਰਹੇ ਹਨ । ਲੂਥਰ ਦਾ ਪ੍ਰਕਾਸ਼ ਉਸਦੇ ਦਿਨਾਂ ਲਈ ਠੀਕ ਸੀ; ਵੈਸਲੀ ਆਪਣੇ ਦਿਨਾਂ ਲਈ ਠੀਕ ਸੀ; ਪੈਟੀਂਕਾਸਟਲ ਆਪਣੇ ਦਿਨਾਂ ਲਈ ਠੀਕ ਸਨ । ਅਸੀਂ ਉਤਾਂਹ ਵੱਲ ਨੂੰ ਪੌੜੀ ਚੜ੍ਹ ਰਹੇ ਹਾਂ, ਅਸੀਂ ਕਿਸੇ ਹੋਰ ਯੁੱਗ ਵਿੱਚ ਜੀ ਰਹੇ ਹਾਂ! ਅਸੀਂ ਅਗੇ ਵਧਦੇ ਜਾ ਰਹੇ ਹਾਂ, ਅਸੀਂ ਪਿਛਾਂਹ ਨਹੀ ਵੇਖਦੇ ਰਹਿ ਸਕਦੇ ।

39 ਅਸੀਂ ਆਪਣੇ ਆਪ ਨੂੰ ਹਾਲਾਤਾਂ ਵਿੱਚ ਟਿਕਾ ਲੈਂਦੇ ਹਾਂ, ਅਸੀਂ ਸੋਚਦੇ ਹਾਂ ਕਿ ਅਸੀਂ ਸਭ ਕੁਝ ਕਰ ਲਿਆ ਹੈ, ਆਪਣੇ ਰਿਵਾਜਾਂ ਨੂੰ ਸਮਰਪਿਤ ਕਰ ਦਿੰਦੇ ਹਾਂ ਅਤੇ ਇਹ ਉਹਨਾਂ

ਦਿਨਾਂ ਲਈ ਠੀਕ ਸੀ ਪਰ ਅਸੀਂ ਅਗੇ ਵਧ ਰਹੇ ਹਾਂ । ਲਿਖਤਾਂ ਨੂੰ ਭਾਲੋ ਅਤੇ ਵੇਖੋ ਕਿ ਅੱਜ ਦੇ ਲਈ ਕੀ ਵਾਅਦਾ ਕੀਤਾ ਗਿਆ ਹੈ, ਫਿਰ ਅਸੀਂ ਜਾਣ ਲਵਾਂਗੇ ਕਿ ਅਸੀਂ ਕਿਥੇ ਹਾਂ, ਫਿਰ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਕਿਥੇ ਖੜ੍ਹੇ ਹਾਂ ।

40 ਤੁਸੀਂ ਲੂਥਰ ਦੇ ਸਾਰਦੀਸ ਕਲੀਸਿਯਾ ਕਾਲ ਨੂੰ ਲਿਖਤਾਂ ਵਿੱਚ ਵੇਖ ਸਕਦੇ ਹੋ, ਤੁਸੀਂ ਵੇਖਦੇ ਹੋ ਕਿ ਇਹ ਠੀਕ ਉਸੇ ਤਰ੍ਹਾਂ ਸੀ ਜੋ ਵਾਅਦਾ ਕੀਤਾ ਗਿਆ ਸੀ । ਵੇਖੋ ਕਿ ਕਿਹੜਾ ਸਵਾਰ ਨਿਕਲਿਆ ਅਤੇ ਕੌਣ ਉਸਦਾ ਸਾਮਣਾ ਕਰਨ ਲਈ ਗਿਆ, ਇਹ "ਮਨੁੱਖ ਦੀ ਚਤੁਰਾਈ" ਦਾ ਸੁਧਾਰ ਸੀ । ਵੈਸਲੀ ਅਤੇ ਹੋਰਾਂ ਨੂੰ ਵੇਖੋ । ਜਿਵੇਂ ਜਿਵੇਂ ਇਹ ਸਾਰੇ ਯੁੱਗਾਂ ਤੋਂ ਹੁੰਦਾ ਹੋਇਆ ਪੈਂਟੀਕਾਸਟਲ ਯੁੱਗ ਵਿੱਚ ਆਇਆ ਵੇਖੋ ਇਸਨੇ ਕਿਵੇਂ ਸਫਰ ਕੀਤਾ । ਲਿਖਤਾਂ ਨੂੰ ਭਾਲੋ ਅਤੇ ਵੇਖੋ ਅਸੀਂ ਕਿਥੇ ਹਾਂ । ਇਹੀ ਕਾਰਨ ਸੀ ਕਿ ਯਿਸੂ ਨੇ ਕਿਹਾ ਸੀ, "ਲਿਖਤਾਂ ਨੂੰ ਭਾਲੋ!"

41 ਵੇਖੋ ਅਸੀਂ ਕਿਥੇ ਹਾਂ! ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਪਰਮੇਸ਼ੁਰ ਦੇ ਪੁੱਤਰ ਦੀ ਆਮਦ ਤੇ ਹਾਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਯੁੱਗ ਦੀ ਅਜਿਹੀ ਘੜੀ ਤੇ ਹਾਂ ਕਿ ਉਹ ਕਿਸੇ ਵੇਲੇ ਵੀ ਪ੍ਰਗਟ ਹੋ ਸਕਦਾ ਹੈ । ਮੈਂ ਵਿਸ਼ਵਾਸ ਕਰਦਾ ਹਾਂ ਕਿ ਲਿਖਤਾਂ ਇਸਨੂੰ ਘੋਸ਼ਤ ਕਰਦੀਆਂ ਹਨ ਕਿ ਅਸੀਂ ਸੰਸਾਰ ਦੇ ਇਤਿਹਾਸ ਦੀ ਅੰਤਮ ਘੜੀ ਤੇ ਹਾਂ ।ਜਿਵੇ ਚੀਜਾਂ ਆਕਾਰ ਲੈ ਰਹੀਆਂ ਹਨ ਮੈਂ ਉਸ ਤੋਂ ਵੇਖ ਸਕਦਾ ਹਾਂ । ਇਸ ਸਰਵਧਰਮ ਕੌਂਸਲ ਨੂੰ ਵੇਖੋ ਜੋ ਸਾਰੇ ਗਿਰਜਿਆਂ ਦੀ ਦਰਿੰਦੇ ਦੇ ਨਿਸਾਨ ਵਲ ਅਗਵਾਈ ਕਰ ਰਹੀ ਹੈ । ਅਤੇ ਵੇਖੋ ਕਿ ਰੋਮਨ ਸਾਮਰਾਜ ਅਤੇ ਉਹ ਬਾਕੀ ਸਾਰੇ ਕੀ ਕਰ ਰਹੇ ਹਨ । ਉਹਨਾਂ ਨੂੰ ਇਕਠੇ ਹੁੰਦਿਆਂ ਹੋਇਆਂ ਵੇਖੋ, ਉਹ ਇੰਜੀਲ ਦੇ ਪ੍ਰਕਾਸ਼ ਨੂੰ ਬਾਹਰ ਕਢਦੇ ਜਾ ਰਹੇ ਹਨ । ਹਰੇਕ ਨੂੰ ਉਸਦੇ ਨਾਲ ਸੰਬੰਧ ਰਖਣਾ ਪਵੇਗਾ ਅਤੇ ਉਹਨਾਂ ਦੀ ਰੋਸ਼ਨੀ ਵਿੱਚ ਤੁਰਨਾ ਪਵੇਗਾ ਨਹੀਂ ਤਾਂ ਤੁਰ ਹੀ ਨਹੀ ਸਕੋਗੇ । ਵੇਖੋ, ਅਸੀਂ ਅੰਤ ਸਮੇਂ ਤੇ ਹਾਂ । ਸਾਡੇ ਕੋਲ ਇਸ ਤੋਂ ਛੁੱਟ ਹੋਰ ਕੁਝ ਨਹੀ ਬਚਿਆ ਕਿ ਪਰਮੇਸ਼ੁਰ ਨੂੰ ਫੜ੍ਹ ਰਖੀਏ ਅਤੇ ਉਸਦੇ ਵਚਨ ਤੇ ਵਿਸ਼ਵਾਸ ਕਰੀਏ । ਵਚਨ ਹਮੇਸ਼ਾ ਸਹੀ ਹੈ ।

42 ਸਿਰਫ ਲਾਓਦਿਕਿਆ ਹੀ ਅਜਿਹਾ ਕਲੀਸਿਯਾ ਕਾਲ ਸੀ ਜਿਸ ਵਿੱਚ ਮਸੀਹ ਨੂੰ ਕਲੀਸਿਯਾ ਵਿਚੋਂ ਬਾਹਰ ਰਖਿਆ ਗਿਆ । ਉਹ ਬਾਹਰ ਖੜ੍ਹਾ ਖੜ੍ਹਕਾ ਰਿਹਾ ਸੀ । ਕੀ ਹੋਇਆ? ਇਹ ਸਰਵਧਰਮ ਕੌਂਸਲ ਹੀ ਉਸਨੂੰ ਬਾਹਰ ਕਰ ਦੇਵੇਗੀ । ਬਾਈਬਲ ਵਿੱਚ ਕਿਹਾ ਗਿਆ ਸੀ ਕਿ ਉਹ ਬਾਹਰ ਕਰ ਦਿਤਾ ਜਾਵੇਗਾ ਅਤੇ ਉਹ ਬਾਹਰ ਹੈ । ਇਸ ਨਾਲ ਕੀ ਬਾਹਰ ਹੋ ਗਿਆ ਹੈ? ਵਚਨ ਬਾਹਰ ਹੋ ਗਿਆ ਹੈ । ਅਤੇ ਉਹ ਵਚਨ ਹੈ, ਉਹ ਹਮੇਸ਼ਾ ਵਚਨ ਸੀ ਅਤੇ ਉਹ ਅੱਜ ਰਾਤ ਵੀ ਵਚਨ ਹੀ ਹੈ! ਉਹ ਵਚਨ ਹੈ ।

43 ਬਾਈਬਲ ਨੇ ਕਿਹਾ, "ਵਚਨ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ, "ਜਿਵੇਂ ਇਬਰਾਨੀਆਂ 4 ਅਧਿਆਏ ਵਿੱਚ ਹੈ, "ਅਤੇ ਮਨ ਦਿਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ ।" ਵਚਨ ਇੰਝ ਹੀ ਸੀ! ਉਸ ਦਿਨ ਯਿਸੂ ਨੇ ਜਦੋਂ ਇਹ ਕਿਹਾ ਤਾਂ ਉਹਨਾਂ ਨੂੰ ਜਾਣ ਲੈਣਾ ਚਾਹੀਦਾ ਸੀ ਕਿ ਉਹ ਕੌਣ ਸੀ ।

44 ਵੇਖੋ ਕਿ ਉਸਨੇ ਕੀ ਕੀਤਾ । ਆਪਣੀ ਸੇਵਕਾਈ ਦੇ ਸੁਰੂਆਤ ਵਿੱਚ ਪਹਿਲੇ ਦਿਨ ਜਦ ਉਹ ਉਥੇ ਖੜ੍ਹਾ ਸੀ ।ਉਸ ਕੋਲ ਸ਼ਮਊਨ ਪਤਰਸ ਨਾਂ ਦਾ ਇੱਕ ਪੁਰਖ ਆਇਆ । ਅਤੇ ਜਦੋਂ ਪਤਰਸ ਨੇ ਯਿਸੂ ਵਲ ਵੇਖਿਆ, ਯਿਸੂ ਨੇ ਉਸਨੂੰ ਕਿਹਾ, "ਤੇਰਾ ਨਾਮ ਸ਼ਮਊਨ ਹੈ ਅਤੇ ਤੂੰ ਯੂਨਾਹ ਦਾ ਪੁੱਤਰ ਹੈਂ ।" (ਪਤਰਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਮੂਸਾ ਨੇ ਕਿਹਾ ਸੀ, "ਕਿ ਪ੍ਰਭੂ ਤੁਹਾਡਾ ਪਰਮੇਸ਼ੁਰ ਮੇਰੇ ਵਰਗਾ ਇੱਕ ਨਬੀ ਖੜਾ ਕਰੇਗਾ ਅਤੇ ਤੁਸੀਂ ਜਰੂਰ ਉਸਦੀ

ਸੁਣਿਓ ।") ਅਤੇ ਇਥੇ ਇੱਕ ਮਨੁੱਖ ਖੜ੍ਹਾ ਸੀ ਜਿਸਨੇ ਉਸਨੂੰ ਜੀਵਨ ਵਿੱਚ ਕਦੇ ਨਹੀ ਵੇਖਿਆ ਸੀ ਅਤੇ ਕਹਿ ਰਿਹਾ ਸੀ, "ਤੇਰਾ ਨਾਮ ਸ਼ਮਊਨ ਹੈ ਅਤੇ ਤੂੰ ਯੂਨਾਹ ਦਾ ਪੁੱਤਰ ਹੈਂ ।" ਕਿਓਂ ਪਤਰਸ ਨੇ ਉਸ ਨੂੰ ਉਸੇ ਵੇਲੇ ਪਹਿਚਾਨ ਲਿਆ ਕਿਓਂਕਿ ਇਸ ਤੋਂ ਵੱਧ... ਉਥੇ ਕਈ ਸੋ ਸਾਲਾਂ ਤੋਂ ਕੋਈ ਵੀ ਨਬੀ ਨਹੀ ਸੀ ਅਤੇ ਇੱਕ ਮਨੁੱਖ ਉਸਨੂੰ ਦੱਸ ਰਿਹਾ ਸੀ ਕਿ ਉਹ ਕੌਣ ਸੀ । ਕੋਈ ਅਚਰਜ ਨਹੀ ਕਿ ਪਤਰਸ ਨੇ ਉਸਨੂੰ ਸਵੀਕਾਰ ਕਰ ਲਿਆ!

45 ਫ਼ਿਲਿਪੁੱਸ ਉਸੇ ਵੇਲੇ ਗਿਆ ਅਤੇ ਨਥਾਨਿਏਲ ਨੂੰ ਇੱਕ ਰੁੱਖ ਹੇਠ ਡਿਠਾ ਅਤੇ ਉਸ ਨੂੰ ਯਿਸੂ ਕੋਲ ਲੈ ਆਇਆ । ਯਿਸੂ ਨੇ ਉਸਨੂੰ ਆਉਂਦਾ ਵੇਖ ਕੇ ਕਿਹਾ, "ਵੇਖੋ ਇੱਕ ਸੱਚਾ ਇਸਰਾਏਲੀ ਜਿਸ ਵਿੱਚ ਕੋਈ ਖੋਟ ਨਹੀ ਹੈ ।"

ਉਸਨੇ ਕਿਹਾ, "ਰੱਬੀ, ਤੈਂ ਮੈਨੂੰ ਕਦ ਜਾਣਿਆ?"

46 ਉਸਨੇ ਕਿਹਾ, "ਇਸ ਤੋਂ ਪਹਿਲਾਂ ਕਿ ਫ਼ਿਲਿਪੁੱਸ ਨੇ ਤੈਨੂੰ ਸਦਿਆ, ਜਦ ਤੂੰ ਇੱਕ ਰੁੱਖ ਹੇਠ ਬੈਠਾ ਸੀ, ਮੈਂ ਤੈਨੂੰ ਵੇਖਿਆ ।"

47 ਉਸਨੇ ਕਿਹਾ, "ਰੱਬੀ, ਤੂੰ ਪਰਮੇਸ਼ੁਰ ਦਾ ਪੁੱਤਰ ਹੈਂ! ਤੂੰ ਇਸਰਾਇਲ ਦਾ ਰਾਜਾ ਹੈਂ ।" ਉਹ ਜਾਣ ਗਿਆ ਸੀ ਕਿ ਉਹ ਕੌਣ ਸੀ! ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਸੀ, ਯਹੋਵਾਹ ਨੇ ਇਹ ਕਿਹਾ ਸੀ!

48 ਉਥੇ ਉਹ ਵੀ ਖੜ੍ਹੇ ਸਨ ਜਿੰਨਾ ਨੇ ਉਸਦਾ ਵਿਸ਼ਵਾਸ ਨਹੀਂ ਕੀਤਾ । ਉਹ ਕਹਿੰਦੇ ਸੀ, "ਇਹ ਮਨੁੱਖ ਬਾਲਜ਼ਬੂਲ ਹੈ । ਉਸ ਕੋਲ ਕਿਸੇ ਕਿਸਮ ਦੀ ਚਾਲ ਹੈ ਜਿਸ ਨਾਲ ਇਹ ਸਭ ਕਰਦਾ ਹੈ । ਇਹ ਕੋਈ ਜੋਤਸ਼ੀ ਜਾਂ ਕੁਝ ਹੋਰ ਹੈ ।"

49 ਯਿਸੂ ਨੇ ਉਹਨਾਂ ਵੱਲ ਵੇਖਿਆ ਅਤੇ ਕਿਹਾ, "ਕਿਉਂ ਜੋ ਤੁਸੀਂ ਮਨੁੱਖ ਦੇ ਪੁੱਤਰ ਦੇ ਵਿਰੁੱਧ ਬੋਲਦੇ ਹੋ, ਇਹ ਤਹਾਨੂੰ ਮਾਫ਼ ਕਰ ਦਿਤਾ ਜਾਵੇਗਾ । ਪਰ ਜਦੋਂ ਪਵਿਤ੍ਰ ਆਤਮਾ ਆ ਕੇ ਇਹੀ ਕੰਮ ਕਰੇਗਾ ਤਾਂ ਉਸਦੇ ਵਿਰੁੱਧ ਬੋਲ ਕੇ ਵੇਖਣਾ, ਇਹ ਤਹਾਨੂੰ ਕਦੇ ਵੀ ਮਾਫ਼ ਨਹੀ ਕੀਤਾ ਜਾਵੇਗਾ, ਨਾਂ ਤਾਂ ਇਸ ਯੁੱਗ ਵਿੱਚ ਨਾ ਹੀ ਆਉਣ ਵਾਲੇ ਯੁੱਗ ਵਿੱਚ ।" ਉਹ ਸਾਡੇ ਦਿਨਾਂ ਲਈ ਭਵਿੱਖਬਾਣੀ ਕਰ ਰਿਹਾ ਸੀ, ਉਹ ਦਿਨ ਜੋ ਅਸੀਂ ਵੇਖਣੇ ਹਨ । ਕਿਓਂਕਿ ਉਹ ਕਲ੍ਹ, ਅੱਜ ਅਤੇ ਯੁੱਗਾਂਯੁੱਗ ਇਕੋ ਜਿਹਾ ਹੈ ।

ਯਾਦ ਰਖੋ, ਇਹ ਯਿਸੂ ਮਸੀਹ ਸੀ ਜੋ ਮੂਸਾ ਵਿੱਚ ਸੀ ।

50 ਇਹ ਯਿਸੂ ਮਸੀਹ ਸੀ ਜੋ ਦਾਉਦ ਵਿੱਚ ਸੀ । ਜਦੋਂ ਦਾਉਦ, ਇੱਕ ਰਦਿਆ ਹੋਇਆ ਰਾਜਾ ਪਹਾੜ ਉੱਤੇ ਗਿਆ ਅਤੇ ਯਰੂਸ਼ਲਮ ਨੂੰ ਵੇਖ ਕੇ ਰੋ ਪਿਆ, ਇਹ ਹੋਰ ਕੋਈ ਨਹੀ ਪਰ ਮਸੀਹ ਉਸਦੇ ਅੰਦਰ ਸੀ । ਕਿਓਂਕਿ ਕਰੀਬ ਅੱਠ ਸੋ ਸਾਲਾਂ ਬਾਅਦ, ਦਾਉਦ ਦੇ ਪੁੱਤਰ ਨੇ ਜ਼ੈਤੂਨ ਦੇ ਪਹਾੜ ਉਤੇ ਡੇਰਾ ਲਾਇਆ ਅਤੇ ਹੇਠਾਂ ਯਰੂਸ਼ਲਮ ਵਲ੍ਹ ਵੇਖ ਕੇ ਰੋਇਆ ਅਤੇ ਕਿਹਾ, "ਯਰੂਸ਼ਲਮ, ਯਰੂਸ਼ਲਮ, ਮੈਂ ਕਿੰਨੀ ਵਾਰ ਚਾਹਿਆ ਕਿ ਜਿਵੇਂ ਮੁਰਗੀ ਆਪਣੇ ਬਚਿਆਂ ਨੂੰ ਆਪਣੇ ਖੰਬਾਂ ਹੇਠ ਲੁਕਾ ਲੈਂਦੀ ਹੈ ਮੈਂ ਵੀ ਤੈਨੂੰ ਲੁਕਾਵਾਂ, ਪਰ ਤੂੰ ਨਾ ਚਾਹਿਆ!"

51 ਜਦੋਂ ਯੂਸੁਫ਼ ਕੈਦ ਵਿੱਚ ਸੀ, ਉਹ ਯਿਸੂ ਸੀ । ਉਹ ਯਿਸੂ ਸੀ, ਜਦ ਉਹ ਲਗਭਗ ਚਾਂਦੀ ਦੇ ਤੀਹ ਸਿਕਿਆਂ ਲਈ ਵੇਚਿਆ ਗਿਆ । ਉਹ ਯਿਸੂ ਸੀ, ਜਦ ਉਹ ਪੋਟੀਫ਼ਰ ਦਾ ਦਾਸ ਬਣਿਆ । ਉਹ ਯਿਸੂ ਸੀ, ਜਦੋ ਉਹ ਫ਼ਿਰਊਨ ਦੇ ਸੱਜੇ ਹੱਥ ਜਾ ਬੈਠਾ ਅਤੇ ਹਰਕੋਈ...ਜਦ ਤੁਰੀ ਦੀ ਆਵਾਜ ਹੁੰਦੀ ਸੀ ਅਤੇ ਹਰ ਕੋਈ ਆਪਣਾ ਗੋਡਾ ਨਿਵਾਂਦਾ ਸੀ । ਕੋਈ ਮਨੁੱਖ ਯੂਸੁਫ਼ ਤੋਂ ਬਿਨਾਂ ਫ਼ਿਰਊਨ ਕੋਲ ਨਹੀਂ ਸੀ ਆ ਸਕਦਾ; ਕੋਈ ਮਨੁੱਖ ਯਿਸੂ ਤੋਂ ਬਿਨਾਂ ਪਰਮੇਸ਼ੁਰ ਕੋਲ

ਨਹੀ ਆ ਸਕਦਾ । ਉਹ ਯਿਸੂ ਸੀ, ਜੋ ਦ੍ਰਿਸ਼ਟਾਂਤਾਂ ਅਤੇ ਪ੍ਰਤੀਕਾਂ ਦੇ ਰੂਪ ਵਿੱਚ ਭਵਿੱਖਬਾਣੀ ਕੀਤਾ ਹੋਇਆ ਵਚਨ ਪੂਰਾ ਹੋ ਰਿਹਾ ਸੀ ।

52 ਜਦੋਂ ਯਿਸੂ ਧਰਤੀ ਤੇ ਸੀ ਤਾਂ ਉਸਨੇ ਉਹੀ ਸਭ ਕੁਝ ਕੀਤਾ ਜੋ ਪਿਛਲੇ ਨਬੀਆਂ ਨੇ ਕੀਤਾ ਸੀ, ਇਸੇ ਲਈ ਉਹਨਾਂ ਨੂੰ ਪਤਾ ਲਗ ਗਿਆ ਕਿ ਉਹ ਪਰਮੇਸ਼ੁਰ ਦੇ ਵਚਨ ਦਾ ਪ੍ਰਗਟਾਵਾ ਸੀ । ਇਸ ਨੂੰ ਕਿਸੇ ਅਨੁਵਾਦ ਦੀ ਲੋੜ ਨਹੀਂ ਸੀ ।

53 ਜਦ ਨਥਾਨਿਏਲ ਨੇ ਇਹ ਵੇਖਿਆ ਤਾਂ ਉਹ ਜਮੀਨ ਤੇ ਡਿਗ ਕੇ ਬੋਲਿਆ, "ਤੂੰ ਇਸਰਾਏਲ ਦਾ ਰਾਜਾ ਅਤੇ ਪਰਮੇਸ਼ੁਰ ਦਾ ਪੁੱਤਰ ਹੈਂ । ਅਸੀਂ ਤੈਨੂੰ ਜਾਣ ਗਏ ਹਾਂ, ਕੋਈ ਵੀ ਮਨੁੱਖ ਇੰਝ ਨਹੀਂ ਕਰ ਸਕਦਾ ।"

54 ਨਿਕੁਦੇਮੁਸ ਰਾਤ ਦੇ ਵੇਲੇ ਆਇਆ ਅਤੇ ਫ਼ਰੀਸੀਆਂ ਦੇ ਵਲੋਂ ਇਹੀ ਗਲ ਕਹੀ । ਪਰ ਤੁਸੀਂ ਵੇਖਿਆ, ਉਹ ਆਪਣੀ ਧਰਮ ਕੌਂਸਿਲ ਨਾਲ ਏਨੇ ਬਝੇ ਹੋਏ ਸਨ ਕਿ ਉਹ ਉਸਨੂੰ ਸਵੀਕਾਰ ਨਹੀਂ ਕਰ ਸਕਦੇ ਸਨ । ਉਸਨੇ ਉਹੀ ਕਿਹਾ ਜੋ ਫ਼ਰੀਸੀ ਉਸਦੇ ਬਾਰੇ ਕਹਿੰਦੇ ਸਨ, ਉਸਨੇ ਕਿਹਾ, "ਰੱਬੀ, ਅਸੀਂ..." ਇਹ "ਅਸੀਂ" ਕੋਣ ਸਨ? ਉਹਨਾਂ ਦੀ ਕੌਂਸਿਲ! "ਅਸੀਂ ਜਾਣਦੇ ਹਾਂ ਕਿ ਤੂੰ ਇਕ ਗੁਰੂ ਹੈਂ ਜੋ ਪਰਮੇਸ਼ੁਰ ਕੋਲੋਂ ਆਇਆ ਹੈਂ, ਕਿਓਂਕਿ ਕੋਈ ਮਨੁੱਖ ਇਹ ਕੰਮ ਨਹੀ ਕਰ ਸਕਦਾ ਜਦ ਤਕ ਪਰਮੇਸ਼ੁਰ ਉਸਦੇ ਨਾਲ ਨਾ ਹੋਵੇ ।" ਉਹਨਾਂ ਨੇ ਉਸ ਨੂੰ ਪਛਾਣ ਲਿਆ ਸੀ, ਉਹ ਜਾਣਦੇ ਸਨ ਕਿ ਉਹ ਕੋਣ ਸੀ, ਪਰ ਉਹ ਆਪਣੀ ਕੌਂਸਿਲ ਨਾਲ ਬਝੇ ਹੋਏ ਸਨ ।

55 ਅਤੇ ਪਰਮੇਸ਼ੁਰ ਨੇ ਪਿਛਲੇ ਚਾਲੀਆਂ ਸਾਲਾਂ ਵਿੱਚ ਇਸ ਪੂਰੇ ਦੇਸ਼ ਨੂੰ ਪਵਿਤ੍ਰ ਆਤਮਾ ਦੇ ਬਪਤਿਸਮੇ ਨਾਲ ਹਿਲਾ ਦਿਤਾ ਹੈ ਅਤੇ ਆਦਮੀ, ਔਰਤਾਂ ਇਸ ਤੋ ਬਾਹਰ ਹਨ ਕਿਓਂਕਿ ਓਹ ਉਸੇ ਤਰ੍ਹਾਂ ਬਝੇ ਹੋਏ ਹਨ, ਉਹ ਕਿਸੇ ਹੋਰ ਯੁੱਗ ਦੀ ਚਮਕ ਵਿੱਚ ਜੀ ਰਹੇ ਹਨ । ਮਾਮਲਾ ਕੀ ਹੈ? ਹਰ ਕੋਈ ਮੈਥੋਡਿਸਟ, ਬੈਪਟਿਸਟ, ਪ੍ਰੇਸਬਾਇਟੇਰਿਅਨ, ਲੂਥਰਣ ਜਾਂ ਕੁਝ ਹੋਰ ਬਣਨਾ ਚਾਹੁੰਦਾ ਹੈ । ਵੇਖੋ, ਇਹ ਇਕ ਚਮਕ ਹੈ ।

56 ਉਹ ਮੂਸਾ ਦੇ ਦਿਨਾਂ ਦੀ ਚਮਕ ਵਿੱਚ ਜੀ ਰਹੇ ਸਨ । ਉਹ ਕੀ ਕਹਿੰਦੇ ਸਨ? ਉਹ ਕਹਿੰਦੇ ਸਨ, "ਅਸੀਂ ਮੂਸਾ ਦੇ ਚੇਲੇ ਹਾਂ ।"

57 ਉਸਨੇ ਕਿਹਾ, "ਜੇਕਰ ਤੁਸੀਂ ਮੂਸਾ ਨੂੰ ਜਾਣਦੇ ਤਾਂ ਤੁਸੀਂ ਮੈਨੂੰ ਵੀ ਜਾਣਦੇ । ਮੂਸਾ ਨੇ ਮੇਰੇ ਬਾਰੇ ਲਿਖਿਆ ਸੀ!"

58 ਜੇਕਰ ਤੁਸੀਂ ਲੂਥਰ ਨੂੰ ਜਾਣਦੇ, ਤੁਸੀਂ ਇਸ ਯੁੱਗ ਨੂੰ ਵੀ ਜਾਣਦੇ! ਜੇਕਰ ਤੁਸੀਂ ਮੈਥੋਡਿਸਟਾਂ ਨੂੰ ਜਾਣਦੇ ਤਾਂ ਤੁਸੀਂ ਇਸ ਯੁੱਗ ਨੂੰ ਵੀ ਜਾਣ ਲੈਂਦੇ! ਕਿਓਂਕਿ ਮਸੀਹ ਨੇ ਇਸ ਯੁੱਗ ਬਾਰੇ ਲਿਖਿਆ ਸੀ! ਜਿਹੜੇ ਵਚਨ ਇਸ ਯੁੱਗ ਵਿੱਚ ਪੂਰੇ ਹੋ ਰਹੇ ਹਨ ਉਹ ਇਸ ਯੁੱਗ ਵਿੱਚ ਹੀ ਪੂਰੇ ਹੋਣੇ ਸਨ । ਕਿਸੇ ਨੂੰ ਉਹਨਾਂ ਵਚਨਾਂ ਅਨੁਵਾਦ ਕਰਨ ਦੀ ਲੋੜ ਨਹੀਂ, ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦ ਕਰਦਾ ਹੈ । ਪਰਮੇਸ਼ੁਰ ਆਪ ਆਪਣਾ ਅਨੁਵਾਦ ਕਰਦਾ ਹੈ ਕਿਓਂਕਿ ਉਹ ਹੀ ਇੱਕ ਹੈ ਜੋ ਉਸਦਾ ਅਨੁਵਾਦ ਕਰ ਸਕਦਾ ਹੈ । ਪਰਮੇਸ਼ੁਰ ਜੋ ਵਾਅਦਾ ਕਰਦਾ ਹੈ ਉਸ ਨੂੰ ਪ੍ਰਮਾਣਿਤ ਵੀ ਕਰਦਾ ਹੈ ਅਤੇ ਇਹ ਹੀ ਇਸਦਾ ਅਨੁਵਾਦ ਹੈ ।

59 ਹੁਣ (ਸਮਾਂ ਬਚਾਉਣ ਲਈ), ਯਿਸੂ ਨੇ ਸੰਤ ਯੂਹੰਨਾ 14 ਅਧਿਆਏ ਦੀ 12ਵੀਂ ਆਇਤ ਵਿੱਚ ਕਿਹਾ, "ਜੋ ਮੇਰੇ ਤੇ ਵਿਸ਼ਵਾਸ ਕਰਦਾ ਹੈ, ਜੋ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ ।"

ਕੀ ਉਸਨੇ ਇਹ ਕਿਹਾ ਸੀ? ਇਹ ਠੀਕ ਹੈ । ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਹੈ । ਜਦੋਂ ਕੋਈ ਉਹੀ ਕੰਮ ਕਰਦਾ ਹੈ, ਉਹ ਪਰਮੇਸ਼ੁਰ ਹੈ । ਯਕੀਨਨ!

60 ਉਸਨੇ ਉਥੇ ਇਹ ਵੀ ਕਿਹਾ, "ਜਿਵੇਂ ਲੂਤ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿਚ ਵੀ ਉਸੇ ਤਰ੍ਹਾਂ ਹੋਵੇਗਾ ।" ਯਿਸੂ ਨੇ ਇਹ ਕਿਹਾ ਸੀ । ਕੀ ਉਸਨੇ ਇਹ ਕਿਹਾ ਸੀ? ਯਕੀਨਨ, ਉਸਨੇ ਇਹ ਕਿਹਾ ਸੀ! ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਹੈ ।

ਉਹ ਕਹਿੰਦੇ ਹਨ, "ਠੀਕ ਹੈ, ਉਸਦਾ ਮਤਲਬ ਸੀ…"

61 ਇਸ ਦਾ ਮਤਲਬ ਠੀਕ ਉਹੀ ਹੈ ਜੋ ਉਸਨੇ ਕਿਹਾ ਸੀ! "ਜਿਵੇਂ ਲੂਤ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦਾ ਆਉਣਾ ਵੀ ਉਸੇ ਤਰ੍ਹਾਂ ਹੋਵੇਗਾ ।" ਲੂਤ ਦੇ ਦਿਨਾਂ ਬਾਰੇ ਕੀ ਸੀ? ਆਓ ਕੁਝ ਪਲਾਂ ਲਈ ਪਿਛਾਂਹ ਵਲ ਜਾਈਏ, ਵੇਖੀਏ ਉਹ ਕੀ ਕਰ ਰਹੇ ਸਨ ।

62 ਲੂਤ ਦੇ ਦਿਨਾਂ ਵਿੱਚ ਤਿੰਨ ਤਰ੍ਹਾਂ ਦੇ ਲੋਕ ਸਨ: ਵਿਸ਼ਵਾਸੀ, ਢੋਂਗੀ-ਵਿਸ਼ਵਾਸ਼ੀ ਅਤੇ ਅਵਿਸ਼ਵਾਸੀ । ਹਰੇਕ ਝੁੰਡ ਵਿੱਚ ਇਸੇ ਤਰ੍ਹਾਂ ਹੁੰਦਾ ਹੈ ।

ਅਸੀਂ ਵੇਖਦੇ ਹਾਂ ਕਿ ਸਦੂਮ ਦੇ ਲੋਕ ਅਵਿਸ਼ਵਾਸੀ ਸਨ ।

ਲੂਤ ਢੋਂਗੀ-ਵਿਸ਼ਵਾਸੀ ਸੀ ।

63 ਅਬਰਾਹਾਮ ਵਿਸ਼ਵਾਸੀ ਸੀ । ਉਸ ਦੇ ਨਾਲ ਹੀ ਨੇਮ ਬੰਨ੍ਹਿਆ ਗਿਆ ਸੀ । ਉਹੀ ਵਾਅਦਾ ਕੀਤੇ ਹੋਏ ਪੁੱਤਰ ਦੀ ਉਡੀਕ ਵਿੱਚ ਸੀ । ਉਹੀ ਵਾਅਦਾ ਕੀਤੇ ਹੋਏ ਪੁੱਤਰ ਦੀ ਆਸ ਵਿੱਚ ਸੀ । ਆਮੀਨ ।(ਮੈਂ ਆਪਣੇ ਆਪ ਨੂੰ "ਆਮੀਨ" ਨਹੀਂ ਕਹਿ ਰਿਹਾ । *ਆਮੀਨ* ਦਾ ਮਤਲਬ ਹੈ "ਇੰਝ ਹੀ ਹੋਵੇ!") ਅਤੇ ਇਹ ਠੀਕ ਹੈ । ਅਬਰਾਹਾਮ ਸਦੂਮ ਵਿੱਚ ਨਹੀਂ ਸੀ । ਅਬਰਾਹਾਮ ਸਦੂਮ ਤੋਂ ਬਾਹਰ ਸੀ । ਉਹ ਅੱਜ ਦੀ ਆਤਮਿਕ ਕਲੀਸਿਯਾ ਦਾ ਇੱਕ ਨਮੂਨਾ ਹੈ ।

64 ਲੂਤ ਸਦੂਮ ਵਿੱਚ ਨਾਮਧਾਰੀ ਕਲੀਸਿਯਾ ਦਾ ਨਮੂਨਾ ਸੀ । ਵੇਖੋ, ਬਾਈਬਲ ਕਹਿੰਦੀ ਹੈ, "ਸਦੂਮ ਦੇ ਪਾਪ ਹਰ ਰੋਜ ਉਸਦੇ ਧਰਮੀ ਪ੍ਰਾਨ ਨੂੰ ਦੁਖੀ ਕਰਦੇ ਸਨ ।" ਕਿਓਂ, ਉਸਦੇ ਕੋਲ ਇਸਦੇ ਵਿਰੋਧ ਵਿੱਚ ਖੜ੍ਹਾ ਹੋਣ ਦੀ ਹਿਮਤ ਨਹੀਂ ਸੀ? ਅੱਜ ਕਲੀਸਿਯਾ ਵਿੱਚ ਵੀ ਬਥੇਰੇ ਚੰਗੇ ਆਦਮੀ ਬੈਠੇ ਹੋਏ ਹਨ ਜੋ ਔਰਤਾਂ ਨੂੰ ਛੋਟੇ ਕਪੜਿਆਂ ਵਿੱਚ ਅਤੇ ਆਦਮਿਆਂ ਨੂੰ ਇਸ ਤਰ੍ਹਾਂ ਕਰਦਿਆਂ ਵੇਖਦੇ ਹਨ ਅਤੇ ਆਪਣੇ ਸਾਥੀਆਂ ਨੂੰ ਐਤਵਾਰ ਚਰਚ ਆਉਣ ਦੀ ਬਜਾਏ ਗੋਲ੍ਫ਼ ਖੇਡਣ ਜਾਂਦੇ, ਪਿਕਨਿਕ ਪਾਰਟੀਆਂ ਤੇ ਜਾਂਦੇ ਅਤੇ ਤੈਰਾਕੀ ਕਰਦੇ ਹੋਏ ਵੇਖਦੇ ਹਨ । ਉਹ ਇਸਦੇ ਵਿਰੋਧ ਵਿੱਚ ਕੁਝ ਕਹਿਣਾ ਚਾਹੁੰਦੇ ਹਨ ਪਰ ਬੋਰਡ ਉਹਨਾਂ ਨੂੰ ਬਾਹਰ ਕਢ ਦੇਵੇਗਾ । ਮਾਮਲਾ ਕੀ ਹੈ? ਇਹ ਫਿਰ ਉਹੋ ਲੂਤ ਹੈ ਜੋ ਆਪਣੀ ਖਿੜਕੀ ਤੋਂ ਬਾਹਰ ਪਾਪ ਹੁੰਦਾ ਵੇਖਦਾ ਹੈ ਪਰ ਪਾਪ ਨੂੰ "ਪਾਪ" ਕਹਿਣ ਤੋ ਡਰਦਾ ਹੈ!

65 ਅਬਰਾਹਾਮ ਉਹਨਾਂ ਦੀ ਗੰਦਗੀ ਵਿੱਚ ਨਹੀਂ ਸੀ, ਉਹ ਇਸ ਤੋਂ ਬਾਹਰ ਸੀ । ਉਹ ਆਤਮਿਕ ਕਲੀਸਿਯਾ ਦਾ ਨਮੂਨਾ ਸੀ । ਹੁਣ ਵੇਖੋ ਕਿ ਅੱਗ ਵਰਨ ਤੋਂ ਪਹਿਲਾਂ ਕੀ ਵਾਪਰਿਆ । ਅਤੇ ਉਹ ਅਧਰਮੀ ਸਨ । ਇਹ ਅੱਜ ਦੇ ਅਧਰਮੀਆਂ ਤੇ ਅੱਗ ਵਰ੍ਹਾਏ ਜਾਣ ਦਾ ਇੱਕ ਨਮੂਨਾ ਹੈ, ਜਦੋਂ ਪਾਤਸ਼ਾਹੀਆਂ ਮਿਟਾ ਦਿਤੀਆਂ ਜਾਣਗੀਆਂ ਅਤੇ ਉਹ ਸਾੜ੍ਹੇ ਜਾਣਗੇ । ਪ੍ਰਭੂ ਕਹਿੰਦਾ ਹੈ ਕਿ, "ਅੱਗ ਆਕਾਸ਼ ਤੋਂ ਵਰ੍ਹਾਈ ਜਾਵੇਗੀ ਅਤੇ ਉਹ ਵਡੇ ਤਾਪ ਨਾਲ ਜਲ ਬਲ ਜਾਣਗੇ ।" ਇਹ ਇਸਦੀ ਪ੍ਰਤੀਛਾਇਆ ਸੀ ।

66 ਹੁਣ ਆਓ ਉਹਨਾਂ ਦੀ ਤਸਵੀਰ ਬਣਾਇਏ । ਅਬਰਾਹਾਮ ਸਦੂਮ ਤੋਂ ਬਾਹਰ ਸੀ ਪਰ ਲੂਤ ਸਦੂਮ ਵਿੱਚ ਸੀ ।

67 ਇੱਕ ਗਰਮ ਸਵੇਰ ਲਗਭਗ ਗਿਆਰਾਂ ਵਜੇ ਹੋਣਗੇ, ਇਕ ਅਜੀਬ ਘਟਨਾ ਵਾਪਰੀ, ਅਬਰਾਹਾਮ ਨੇ ਤਿੰਨ ਸਾਧਾਰਣ ਮਨੁੱਖਾਂ ਨੂੰ ਸੜ੍ਹਕ ਤੇ ਤੁਰਦੇ ਵੇਖਿਆ । ਅਬਰਾਹਾਮ ਬਲੂਤ ਦੇ ਰੁੱਖ ਹੇਠ ਅਰਾਮ ਫਰਮਾ ਰਿਹਾ ਸੀ । ਉਹ ਆਪਣੇ ਇੱਜੜ ਦੇ ਨਾਲ ਸ਼ਾਇਦ ਸਵੇਰ ਤੋਂ ਹੀ ਬਾਹਰ ਸੀ ਅਤੇ ਲਗਭਗ ਦੁਪਹਿਰ ਦਾ ਸਮਾਂ ਹੋ ਗਿਆ ਸੀ । ਅਤੇ ਉਸਨੇ ਤਿੰਨ ਮਨੁੱਖਾਂ ਨੂੰ ਆਉਂਦੇ ਵੇਖਿਆ । ਅਤੇ ਉਹਨਾਂ ਤਿੰਨ ਮਨੁੱਖਾਂ ਬਾਰੇ ਕੁਝ ਤਾਂ ਖ਼ਾਸ ਗਲ ਸੀ ਜਿਸਨੇ ਇੱਕ ਘੰਟੀ ਵਜਾ ਦਿਤੀ । ਔਹ ਮੇਰੇ!

68 ਪਰਮੇਸ਼ੁਰ ਬਾਰੇ ਕੁਝ ਤਾਂ ਖ਼ਾਸ ਗਲ ਹੈ, ਜਦੋਂ ਉਹ ਲੋਕਾਂ ਵਿੱਚ ਆਉਦਾ ਹੈ ਤਾਂ ਇੱਕ ਘੰਟੀ ਵਜਦੀ ਹੈ । ਲੋਕ ਜਾਣ ਜਾਂਦੇ ਹਨ । ਕੁਝ ਅਜਿਹਾ ਹੁੰਦਾ ਹੈ ਜੋ ਲੋਕਾਂ ਨੂੰ ਉਸਦੀ ਹਜ਼ੂਰੀ ਬਾਰੇ ਦੱਸਦਾ ਹੈ ।

69 ਅਬਰਾਹਾਮ ਛੇਤੀ ਨਾਲ ਨੱਸ ਕੇ ਗਿਆ ਅਤੇ ਆਖਿਆ, "ਮੇਰੇ ਪ੍ਰਭੂ, ਆਉ ਅਤੇ ਮੈਂਨੂੰ ਪਾਣੀ ਲਿਆ ਕੇ ਤੁਹਾਡੇ ਪੈਰਾਂ ਨੂੰ ਧੋ ਲੈਣ ਦਿਓ ਅਤੇ ਫਿਰ ਤੁਸੀਂ ਰੋਟੀ ਖਾ ਕੇ ਆਪਣੇ ਰਾਹ ਲੰਘ ਜਾਇਓ ।" ਉਹ ਇੱਜੜ ਵਿੱਚ ਨੱਸ ਕੇ ਗਿਆ, ਇੱਕ ਵੱਛਾ ਲਿਆ ਅਤੇ ਮਾਰ ਕੇ ਆਪਣੇ ਨੌਕਰ ਨੂੰ ਦਿਤਾ ਭਈ ਉਸਨੂੰ ਤਿਆਰ ਕਰੇ । ਉਸ ਨੇ ਸਾਰਾਹ ਕੋਲ ਤੰਬੂ ਵਿੱਚ ਜਾ ਕੇ ਆਖਿਆ, "ਝੱਟ ਕਰ ਅਰ ਮੈਦਾ ਗੁੰਨ੍ਹਕੇ ਫੁਲਕੇ ਪਕਾ ।" ਅਤੇ ਇਹ ਸਭ ਬਾਹਰ ਲਿਆ ਕੇ ਪਰੋਸ ਦਿਤਾ । ਜਦ ਉਹ ਉਥੇ ਖਾ ਰਹੇ ਸਨ ਤਾਂ ਉਹਨਾਂ ਧਿਆਨ ਦਿਤਾ ਭਈ ਇਹ ਮਨੁੱਖ ਹੇਠਾਂ ਸਦੂਮ ਵਲ੍ਹ ਵੇਖੀ ਜਾ ਰਿਹਾ ਸੀ । ਅਤੇ ਉਸਨੇ ਕਿਹਾ...

70 ਯਾਦ ਕਰੋ ਉਹਨਾਂ ਵਿਚੋਂ ਦੋ ਮਨੁੱਖ ਸਦੂਮ ਵਿੱਚ ਗਏ ਸਨ । ਕਿਰਪਾ ਕਰਕੇ ਇਸ ਤੇ ਧਿਆਨ ਦੇਣਾ । ਯਿਸੂ ਨੇ ਜੋ ਕਿਹਾ ਸੀ ਮੈਂ ਉਸ ਦਾ ਹਵਾਲਾ ਦੇ ਰਿਹਾ ਹਾਂ । ਉਹਨਾਂ ਵਿਚੋਂ ਦੋ ਜਣੇ ਲੂਤ ਨੂੰ ਸਦੂਮ ਵਿਚੋਂ ਬਾਹਰ ਲਿਆਉਣ ਲਈ ਗਏ ਸਨ ਕਿਓਂਕਿ ਉਥੇ ਕੁਝ ਹੋਣ ਜਾ ਰਿਹਾ ਸੀ । ਅਤੇ ਉਹ ਦੋ ਮਨੁੱਖ ਉਥੇ ਗਏ ਅਤੇ ਪਰਚਾਰ ਕੀਤਾ (ਅਤੇ ਉਹਨਾਂ ਵਿਚੋਂ ਇੱਕ ਅਬਰਾਹਾਮ ਨਾਲ ਹੀ ਰੁਕਿਆ ਰਿਹਾ ਅਤੇ ਉਸਨੇ ਜੋ ਨਿਸ਼ਾਨ ਵਿਖਾਇਆ ਉਸ ਤੇ ਧਿਆਨ ਦਿਓ ।) ਹੇਠਾਂ ਸਦੂਮ ਵਿੱਚ ਵੀ ਇੱਕ ਨਿਸ਼ਾਨ ਵਿਖਾਇਆ ਗਿਆ...ਸਦੂਮੀ ਅੰਨ੍ਹੇ ਕਰ ਦਿਤੇ ਗਏ । ਇੰਜੀਲ ਦਾ ਪਰਚਾਰ ਹਮੇਸ਼ਾ ਅਵਿਸ਼ਵਾਸੀ ਨੂੰ ਅਨ੍ਹਿਆਂ ਕਰਦਾ ਹੈ । ਅਤੇ ਧਿਆਨ ਦਿਓ ਕਿ ਇਸ ਨਾਲ ਕੀ ਹੋਇਆ ।

71 ਹੁਣ, ਇੱਕ ਮਨੁੱਖ ਅਬਰਾਹਾਮ ਕੋਲ ਰੁਕਿਆ ਰਿਹਾ ਅਤੇ ਉਸਦੇ ਸਾਹਮਣੇ ਇੱਕ ਨਿਸ਼ਾਨ ਵਿਖਾਇਆ ।

72 ਹੁਣ ਕੀ ਤੁਸੀਂ ਕਦੇ ਧਿਆਨ ਦਿਤਾ ਹੈ, ਇਤਿਹਾਸ ਅਤੇ ਲਿਖਤਾਂ ਤੇ ਧਿਆਨ ਕਰੋ, ਕਲੀਸਿਯਾ ਕਾਲਾਂ ਵਿੱਚ ਕਿਸੇ ਵੀ ਸਮੇਂ ਅਜਿਹਾ ਨਹੀਂ ਹੋਇਆ ਕਿ ਇੱਕ ਮਨੁੱਖ ਸੰਸਾਰ ਵਿੱਚ ਨਾਮਾਤਰ ਅਤੇ ਨਾਮਧਾਰੀ ਗਿਰਜਿਆਂ ਵਿੱਚ ਗਿਆ ਹੋਵੇ, ਕਦੇ ਕੋਈ ਮਨੁੱਖ ਨਹੀ ਹੋਇਆ ਜਿਸਦਾ ਨਾਮ ਅਬਰਾਹਾਮ (h-a-m) ਵਾਂਗ ਖਤਮ ਹੁੰਦਾ ਸੀ । ਪਰ ਅੱਜ ਸਾਡੇ ਕੋਲ ਇੱਕ ਹੈ, ਗ੍ਰਾਹਮ (G-r-a-h-a-m) । ਇਹ ਠੀਕ ਹੈ । ਉਥੇ ਜਾ ਕੇ ਉਹਨਾਂ ਨੂੰ ਬਾਹਰ ਬੁਲਾ ਰਿਹਾ ਹੈ । ਉਸਨੇ ਇਸ ਤਰ੍ਹਾਂ ਇੱਕ ਅਦਭੁਤ ਕੰਮ ਕੀਤਾ ਹੈ । ਪਰਮੇਸ਼ੁਰ ਦਾ ਸੇਵਕ

ਗ੍ਰਾਹਮ, ਬਿੱਲੀ ਗ੍ਰਾਹਮ, ਸੰਸਥਾਵਾਂ, ਸਿਆਸਤਦਾਨਾਂ ਵਿੱਚ ਅਤੇ ਹਰ ਥਾਂ ਖੂਬ ਖੜਕਾ ਕਰ ਰਿਹਾ ਹੈ ।

73 ਕਿਸੇ ਹੋਰ ਦਿਨ ਉਹ ਉਸਨੂੰ ਰਾਸ਼ਟਰਪਤੀ ਪੱਦ ਲਈ ਉਮੀਦਵਾਰ ਖੜਾ ਕਰਨ ਚਾਹੁੰਦੇ ਸਨ ਅਤੇ ਉਸਨੇ ਸਾਫ਼ ਇਨਕਾਰ ਕਰ ਦਿਤਾ । ਪਰਮੇਸ਼ੁਰ ਇਸ ਲਈ ਉਸਨੂੰ ਬਰਕਤ ਦੇਵੇ । ਕਿਉਂ, ਪਹਿਲੀ ਗਲ ਉਹ ਇੰਝ ਨਹੀ ਕਰੇਗਾ ਪਰ ਮੰਨ ਲਵੋ ਜੇ ਉਹ ਰਾਸ਼ਟਰਪਤੀ ਬਣਦਾ ਹੈ ਤਾਂ ਉਹ ਵ੍ਹਿਸਕੀ ਦੀਆਂ ਕੰਪਨੀਆਂ ਨੂੰ ਬੰਦ ਕਰ ਦੇਵੇਗਾ । ਅਤੇ ਸਿਗਰਟ ਬਣਾਉਣ ਵਾਲਿਆਂ ਅਤੇ ਇਸੇ ਤਰ੍ਹਾਂ ਦੀਆਂ ਹੋਰ ਕੰਪਨਿਆਂ ਉਸਨੂੰ ਰਾਸ਼ਟਰਪਤੀ ਪੱਦ ਤੋਂ ਹੇਠਾਂ ਲਾਹੁਣ ਲਈ ਅਰਬਾਂ ਡਾਲਰ ਖਰਚ ਕਰ ਦੇਣਗੀਆਂ । ਵੇਖੋ, ਉਹ ਉਥੇ ਉਸ ਦੂਤ ਵਾਂਗ ਹੈ ਜੋ ਸਦੂਮ ਦੇ ਲੋਕਾਂ ਲਈ ਭੇਜਿਆ ਗਿਆ ਸੀ । ਇਹ ਠੀਕ ਉਸੇ ਤਰ੍ਹਾਂ ਹੈ ।

74 ਪਰ ਯਾਦ ਕਰੋ, ਉਹਨਾਂ ਵਿਚੋਂ ਇੱਕ ਮਨੁੱਖ ਅਬਰਾਹਾਮ ਨਾਲ ਰੁਕਿਆ ਰਿਹਾ, ਉਹ ਦੋ ਮਨੁੱਖ ਨਹੀਂ ਜੋ ਆਧੁਨਿਕ ਪ੍ਰਚਾਰਕਾਂ ਵਾਂਗ ਹੇਠਾਂ ਪਰਚਾਰ ਕਰਨ ਚਲੇ ਗਏ ਸਨ । ਧਿਆਨ ਦਿਓ, ਇੱਕ ਉਥੇ ਹੀ ਰੁਕਿਆ ਰਿਹਾ । ਉਹਨਾਂ ਵਿਚੋਂ ਦੋ *ਓਸ* ਰਸਤੇ ਚਲੇ ਗਏ ਅਤੇ ਇੱਕ *ਇਥੇ* ਅਬਰਾਹਾਮ ਕੋਲ ਹੀ ਰੁਕਿਆ ਰਿਹਾ । ਅਤੇ ਜਿਹੜਾ ਅਬਰਾਹਾਮ ਨਾਲ ਰੁਕਿਆ ਰਿਹਾ ਉਸਨੇ ਉਸਨੂੰ ਇੱਕ ਨਿਸ਼ਾਨ ਵਿਖਾਇਆ ।

75 ਹੁਣ ਵੇਖਣਾ, ਉਸ ਦਾ ਨਾਮ “ਅਬਰਾਮ” ਸੀ ਅਤੇ ਉਸਦੀ ਪਤਨੀ ਦਾ ਨਾਂ “ਸਾਰਈ” ਸੀ, ਉਸ ਤੋਂ ਇੱਕ ਜਾਂ ਦੋ ਦਿਨ ਪਹਿਲਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਰਸ਼ਨ ਦੇ ਕੇ ਕਿਹਾ, “ਹੁਣ ਮੈਂ ਤੇਰਾ ਨਾਮ ਅਬਰਾਮ ਤੋਂ ਬਦਲ ਕੇ ਅਬਰਾਹਾਮ ਕਰ ਰਿਹਾ ਹਾਂ ।” ਵੇਖੋ, ਗ੍ਰਾਹਮ (G-r-a-h-a-m) ਵਿੱਚ ਛੇ ਅੱਖਰ ਹਨ । ਪਰ ਅਬਰਾਹਾਮ (A-b-r-a-h-a-m) ਵਿੱਚ ਸੱਤ ਅੱਖਰ ਹਨ ਅਤੇ ਇਹ ਹਾਮ (h-a-m) ਨਾਲ ਖ਼ਤਮ ਹੁੰਦਾ ਹੈ ।

76 ਹੁਣ, ਉੱਪਰ ਆਤਮਿਕ ਕਲੀਸਿਯਾ ਵਿੱਚ, ਉਥੇ ਅਬਰਾਹਾਮ ਕੋਲ ਇੱਕ ਮਨੁੱਖ ਰੁਕਿਆ ਹੋਇਆ ਸੀ ਅਤੇ ਧਿਆਨ ਦਿਓ ਉਸਨੇ ਕੀ ਆਖਿਆ। ਉਸਨੇ ਆਖਿਆ, “ਅਬਰਾਹਾਮ “(“ਅਬਰਾਮ” ਨਹੀਂ ਕਿਹਾ) ਅਬਰਾਹਾਮ ਤੇਰੀ ਪਤਨੀ “ਸਾਰਾਹ” (“ਸਾਰਾਈ” ਨਹੀਂ ਕਿਹਾ) ਤੇਰੀ ਪਤਨੀ ਸਾਰਾਹ ਕਿਥੇ ਹੈ?

77 ਵੇਖੋ ਅਬਰਾਹਾਮ ਨੇ ਕੀ ਕਿਹਾ, “ਉਹ ਤੇਰੇ ਪਿਛੇ ਤੰਬੂ ਵਿੱਚ ਹੈ ।”

78 ਅਤੇ ਉਸਨੇ ਕਿਹਾ, “ਮੈਂ ਤੇਰੇ ਕੋਲ ਫਿਰ ਆਵਾਂਗਾ ।” ਉਸ ਵਿਅਕਤੀਗਤ ਪੜਨਾਂਵ ਮੈਂ ਵਲ੍ਹ ਧਿਆਨ ਦਿਓ, ਜਿਵੇਂ ਉਸਨੇ ਵਾਅਦਾ ਕੀਤਾ ਸੀ । ਉਹ ਪਰਮੇਸ਼ੁਰ ਸੀ! ਉਸਨੇ ਆਖਿਆ, “ਮੈਂ ਤੇਰੇ ਕੋਲ ਫਿਰ ਆਵਾਂਗਾ ।”

79 ਅਤੇ ਸਾਰਾਹ, ਆਪਣੇ ਮਨ ਵਿੱਚ ਹੱਸੀ (ਅਸੀਂ ਸਮਝ ਸਕਦੇ ਹਾਂ ਉਹ ਕਿਓ ਹੱਸੀ), ਉਸਨੇ ਆਪਣੇ ਮਨ ਵਿੱਚ ਕਿਹਾ, “ਮੈਂ, ਇੱਕ ਸੋ ਸਾਲ ਦੀ ਬੁੱਢੀ ਅਤੇ ਮੇਰਾ ਸਵਾਮੀ” (ਅਬਰਾਹਾਮ) “ਵੀ ਜਵਾਨੀ ਅਵਸਥਾ ਪਾਰ ਕਰ ਚੁਕਾ ਹੈ ਅਤੇ ਉਹ ਵੀ ਬੁਢਾ ਹੈ ।” ਉਸਨੇ ਸੋਚਿਆ, “ਕਿਓਂਕਿ ਮੈਂ ਵੀ ਬੁੱਢੀ ਅਤੇ ਅਬਰਾਹਾਮ ਵੀ ਬੁੱਢਾ ਹੋ ਚੁਕਾ ਹੈ, ਸਾਨੂੰ ਹੁਣ ਇਹ ਸੁਖ ਨਹੀ ਮਿਲ ਸਕਦਾ ।” ਅਤੇ ਸੋਚਿਆ, “ਸਾਡੇ ਕੋਲੋਂ ਇਹ ਨਹੀਂ ਹੋ ਸਕਦਾ । ਅਤੇ ਇਹ ਕਿੰਝ ਹੋ ਸਕਦਾ ਹੈ? ਇਹ ਨਹੀਂ ਹੋ ਸਕਦਾ!”

80 ਅਤੇ ਉਹ ਮਨੁੱਖ (ਜੋ ਮਨੁੱਖ ਦੀ ਖਲੜੀ ਵਿੱਚ ਪਰਮੇਸ਼ੁਰ ਸੀ) ਬੋਲਿਆ, “ਸਾਰਾਹ ਕਿਓਂ ਹੱਸੀ ਅਤੇ ਸ਼ੱਕ ਕਰਕੇ ਇਹ ਗਲਾਂ ਕਹੀਆਂ?” ਸਾਰਾਹ ਉਸਦੇ ਪਿਛੇ ਤੰਬੂ ਵਿੱਚ ਸੀ ।

81 ਹੁਣ ਵੇਖੋ, ਕੀ ਇਸੇ ਤਰ੍ਹਾਂ ਦੀ ਸੇਵਕਾਈ ਯਿਸੂ ਮਸੀਹ ਨੇ ਨਹੀ ਕੀਤੀ! ਯਿਸੂ ਨੇ ਸੁਣਨ ਵਾਲਿਆਂ ਦੀ ਵਲ ਵੇਖਿਆ ਅਤੇ ਉਹਨਾਂ ਦੇ ਵਿਚਾਰਾਂ ਨੂੰ ਜਾਂਚ ਲਿਆ । ਉਸਨੇ ਪਤਰਸ ਨੂੰ ਦੱਸ ਦਿਤਾ ਕਿ ਉਹ ਕੌਣ ਹੈ ਅਤੇ ਉਸਦੇ ਪਿਤਾ ਦਾ ਨਾਮ ਕੀ ਸੀ । ਉਸਨੇ ਨਥਾਨਿਏਲ ਨੂੰ ਵੀ ਦਸਿਆ ।

82 ਉਸਨੇ ਖੂਹ ਤੇ ਉਸ ਔਰਤ ਨੂੰ ਵੀ ਦੱਸ ਦਿਤਾ, ਜਦੋਂ ਉਸਨੇ ਕਿਹਾ... ਉਸਨੇ ਕਿਹਾ, "ਮੈਨੂੰ ਪਾਣੀ ਪਿਆ ।"

83 ਉਸਨੇ ਕਿਹਾ, "ਸ੍ਰੀ ਮਾਨ, ਤੁਹਾਡਾ ਇਹ ਰਿਵਾਜ ਨਹੀਂ ਹੈ...ਕਿ ਤੁਸੀਂ ਯਹੂਦੀ ਹੋ ਕੇ ਇੱਕ ਸਾਮਰੀ ਨਾਲ ਗਲ ਕਰੋ । ਅਸੀਂ ਇਕ ਦੂਏ ਨਾਲ ਨਹੀਂ ਵਰਤਦੇ ।"

84 ਉਸਨੇ ਕਿਹਾ, "ਜੇਕਰ ਤੂੰ ਜਾਣਦੀ ਕਿ ਤੂੰ ਕਿਸ ਦੇ ਨਾਲ ਗਲਾਂ ਕਰਦੀ ਹੈਂ, ਤਾਂ ਤੂੰ ਮੇਰੇ ਕੋਲੋਂ ਪੀਣ ਲਈ ਮੰਗਦੀ ।" ਵਾਰਤਾ ਅੱਗੇ ਵਧੀ ਅਤੇ ਉਸਨੇ ਕਿਹਾ, "ਜਾ ਆਪਣੇ ਪਤੀ ਨੂੰ ਇਥੇ ਲੈ ਕੇ ਆ ।"

ਉਸਨੇ ਕਿਹਾ, "ਮੇਰਾ ਕੋਈ ਪਤੀ ਨਹੀਂ ਹੈ ।"

ਉਸਨੇ ਕਿਹਾ, "ਤੈਂ ਠੀਕ ਆਖਿਆ, ਕਿਓਂ ਜੋ ਤੂੰ ਪੰਜ ਕਰ ਚੁੱਕੀ ਹੈਂ ।"

ਉਹ ਬੋਲੀ, "ਸ੍ਰੀ ਮਾਨ!"

85 ਉਸ ਔਰਤ ਅਤੇ ਉਹਨਾਂ ਪਾਦਰੀਆਂ ਦੀ ਕੌਂਸਿਲ ਜੋ ਕਿਸੇ ਹੋਰ ਯੁੱਗ ਦੀ ਚਮਕ ਵਿੱਚ ਰਹਿ ਰਹੇ ਸਨ, ਦੇ ਵਿੱਚ ਅੰਤਰ ਨੂੰ ਵੇਖੋ । ਉਹ ਕਹਿੰਦੇ ਸਨ, "ਇਹ ਸ਼ੈਤਾਨ ਹੈ!" ਉਹਨਾਂ ਨੂੰ ਆਪਣੀ ਕਲੀਸਿਯਾ ਨੂੰ ਇਸਦਾ ਕੁਝ ਤਾਂ ਜਵਾਬ ਦੇਣਾ ਹੀ ਪੈਣਾ ਸੀ ।

86 ਪਰ ਉਸ ਵਿਚਾਰੀ ਗਰੀਬ ਔਰਤ ਨੇ ਕੀ ਕੀਤਾ, ਉਹ ਬੀਜ ਪਹਿਲਾਂ ਤੋਂ ਹੀ ਉਸਦੇ ਹਿਰਦੇ ਵਿੱਚ ਰਖਿਆ ਹੋਇਆ ਸੀ... ਉਹ ਗਲੀਆਂ ਵਿੱਚ ਵੇਸ਼ਵਾ ਬਣ ਕੇ ਜਾਂਦੀ ਸੀ ਅਤੇ ਇਸ ਕੰਮ ਤੋਂ ਥੱਕ ਕੇ ਅੱਕ ਚੁਕੀ ਸੀ । ਪਰ ਜਦੋਂ ਉਸਨੇ ਯਿਸੂ ਤੋਂ ਇਹ ਸੁਣਿਆ, ਉਸ ਆਖਿਆ, "ਸ੍ਰੀ ਮਾਨ, ਮੈਨੂੰ ਲਗਦਾ ਹੈ ਕਿ ਤੂੰ ਇੱਕ ਨਬੀ ਹੈਂ । ਸਾਡੇ ਕੋਲ ਚਾਰ ਸੌ ਸਾਲਾਂ ਤੋਂ ਕੋਈ ਨਬੀ ਨਹੀਂ ਸੀ ਅਤੇ ਸਾਨੂੰ ਦਸਿਆ ਗਿਆ ਹੈ ਕਿ ਜਦੋਂ ਮਸੀਹਾ ਆਊ ਤਾਂ ਇਹੀ ਕੰਮ ਕਰੂ ।" ਔਹ ਮੇਰੇ! ਉਸਦੇ ਵਿੱਚ ਜੋ ਬੀਜ ਸੀ ਜੀਵਨ ਨੂੰ ਵੇਖ ਕੇ ਕੁੱਦ ਪਿਆ! ਕਿਓਂ? ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਸੀ ।

87 ਯਿਸੂ ਨੇ ਕਿਹਾ, "ਮੈਂ ਜੋ ਤੇਰੇ ਨਾਲ ਗਲਾਂ ਕਰਦਾ ਹਾਂ ਉਹੀ ਹਾਂ ।" ਉਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਸੀ । ਉਸਨੇ ਅਚਰਜ ਕੰਮ ਵਿਖਾਇਆ ਅਤੇ ਇਹ ਸਾਬਤ ਕਰ ਦਿਤਾ ਕਿ ਉਹ ਹੀ ਮਸੀਹਾ ਹੈ ਅਤੇ ਜਿਵੇਂ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਉਸੇ ਤਰ੍ਹਾਂ ਹੀ ਕੀਤਾ (ਮੂਸਾ ਨੇ ਕਿਹਾ ਸੀ, "ਪ੍ਰਭੂ ਤੁਹਾਡਾ ਪਰਮੇਸ਼ੁਰ ਮੇਰੇ ਵਰਗਾ ਇੱਕ ਨਬੀ ਖੜ੍ਹਾ ਕਰੇਗਾ ।") ਇਹ ਕੀ ਸੀ? ਵਚਨ ਸਹੀ ਸਾਬਿਤ ਹੋ ਰਿਹਾ ਸੀ!

88 ਉਹ ਸ਼ਹਿਰ ਵਿੱਚ ਦੋੜ੍ਹੀ ਗਈ ਅਤੇ ਆਖਿਆ, "ਆਓ, ਇੱਕ ਮਨੁੱਖ ਨੂੰ ਵੇਖੋ ਜਿਸਨੇ ਮੈਨੂੰ ਉਹ ਸਭ ਦਸਿਆ ਜੋ ਕੁਝ ਮੈਂ ਕੀਤਾ ਹੈ । ਕੀ ਇਹ ਉਹੀ ਮਸੀਹਾ ਤਾਂ ਨਹੀਂ? ਕੀ ਇਹ ਉਹੀ ਤਾਂ ਨਹੀਂ? ਇਸਨੇ ਮੈਨੂੰ ਉਹ ਦਸਿਆ ਜੋ ਮੈਂ ਕੀਤਾ ਹੈ ।"

89 ਹੁਣ ਧਿਆਨ ਦਿਓ, ਤੰਬੂ ਦੀ ਵੱਲ ਪਿੱਠ ਕਰਕੇ ਬੈਠਾ ਹੋਇਆ ਮਨੁੱਖ ਯਿਸੂ ਹੀ ਸੀ ਜਿਸਨੇ ਸਾਰਾਹ ਨੂੰ ਦੱਸ ਦਿਤਾ ਕਿ ਉਹ ਤੰਬੂ ਵਿੱਚ ਕੀ ਸੋਚ ਰਹੀ ਸੀ ।

90 ਪਰਮੇਸ਼ੁਰ ਦਾ ਵਚਨ ਇਬਰਾਨੀਆਂ 4 ਅਧਿਆਏ ਵਿੱਚ ਕਹਿੰਦਾ ਹੈ ਕਿ...ਲਿਖਿਆ ਹੈ, "ਪਰਮੇਸ਼ੁਰ ਦਾ ਵਚਨ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਰ ਆਤਮਾ ਨੂੰ ਅਤੇ ਬੰਦ ਬੰਦ ਅਤੇ ਗੁਦੇ ਨੂੰ ਅਡੋ ਅੱਡ ਕਰ ਕੇ ਵਿੰਨ ਸੁੱਟਦਾ ਹੈ ਅਤੇ ਮਨ ਦਿਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ ।" ਇਹ ਵਚਨ ਹੈ! ਅਤੇ ਜਦੋਂ ਵੀ ਕੋਈ ਨਬੀ ਆਇਆ, ਉਹ ਪਰਮੇਸ਼ੁਰ ਦੇ ਵਚਨ ਨਾਲ ਆਇਆ ਅਤੇ ਉਹ ਉਸ ਯੁੱਗ ਲਈ ਵਚਨ ਹੁੰਦਾ ਸੀ । ਅਤੇ ਉਹ ਕੀ ਕਰਦਾ ਸੀ? ਇੱਕ ਨਬੀ ਜੋ ਮਨ ਦਿਆਂ ਵਿਚਾਰਾਂ ਨੂੰ ਜਾਂਚ ਲੈਂਦਾ ਸੀ ।

91 ਯਿਸੂ ਮਸੀਹ ਨੇ ਵੀ ਇੰਝ ਹੀ ਕੀਤਾ ਕਿਓਂਕਿ ਉਹ ਸੰਪੂਰਨ ਵਚਨ ਸੀ ।

92 ਅਤੇ ਯਿਸੂ ਨੇ ਕਿਹਾ, "ਜਿਵੇਂ ਸਦੂਮ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਵੀ ਅਜਿਹਾ ਹੀ ਹੋਵੇਗਾ ।" ਪਰਮੇਸ਼ੁਰ ਦਾ ਆਤਮਾ ਮਨੁੱਖਾਂ ਦੇ ਰੂਪ ਵਿੱਚ ਧਰਤੀ ਉਤੇ ਆਵੇਗਾ, ਪਰਮੇਸ਼ੁਰ ਮਨੁੱਖੀ ਦੇਹ ਵਿੱਚ ਪ੍ਰਗਟ ਹੋਵੇਗਾ (ਆਮੀਨ! ਕੀ ਤੁਸੀਂ ਇਹ ਵੇਖ ਰਹੇ ਹੋ?) ਅਤੇ ਉਹੀ ਸਭ ਕੁਝ ਕਰੇਗਾ ਜੋ ਪਰਮੇਸ਼ੁਰ ਨੇ ਮਨੁੱਖੀ ਦੇਹ ਵਿੱਚ ਆ ਕੇ ਸਦੂਮ ਵਿੱਚ ਕੀਤਾ ਸੀ । ਚੇਤੇ ਰਖੋ, ਉਹ ਇਕ ਵਾਅਦਾ ਕੀਤੇ ਹੋਏ ਪੁੱਤਰ ਲਈ ਉਡੀਕ ਰਹੇ ਸਨ ਅਤੇ ਇਸ ਤੋਂ ਠੀਕ ਬਾਅਦ ਵਾਅਦਾ ਕੀਤਾ ਹੋਇਆ ਪੁੱਤਰ ਆਇਆ । ਇਹ ਉਸ ਵਾਅਦਾ ਕੀਤੇ ਹੋਏ ਪੁੱਤਰ ਦੇ ਆਉਣ ਤੋਂ ਪਹਿਲਾਂ ਆਖਰੀ ਚਿੰਨ੍ਹ ਸੀ ਜੋ ਸਦੂਮ ਅਤੇ ਅਬਰਾਹਾਮ ਦੇ ਝੁੰਡ ਨੇ ਵੇਖਿਆ ਸੀ । ਕੀ ਤੁਸੀਂ ਉਸ ਤੇ ਧਿਆਨ ਦਿਤਾ? ਅਤੇ ਹੁਣ ਆਤਮਿਕ ਕਲੀਸਿਯਾ ਉਸੇ ਘੜੀ ਵਿੱਚ ਆ ਪੁਜੀ ਹੈ ।

93 ਕਿਸੇ ਨੇ ਕਿਹਾ, "ਭਾਈ ਬ੍ਰਾਨਹਮ, ਤੁਸੀਂ ਕਹਿੰਦੇ ਹੋ ਕਿ 'ਉਹ ਪਰਮੇਸ਼ੁਰ ਸੀ'?"

94 ਬਾਈਬਲ ਨੇ ਕਿਹਾ ਕਿ ਇਹ ਪਰਮੇਸ਼ੁਰ ਸੀ! ਇਸ ਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀ ਹੈ । ਉਹ ਏਲੋਹੀਮ ਹੈ । ਅਬਰਾਹਾਮ ਨੇ ਵੀ ਉਸਨੂੰ ਇਹ ਹੀ ਕਿਹਾ ਸੀ । ਹਰੇਕ ਬਾਈਬਲ ਪੜ੍ਹਨ ਵਾਲਾ ਇਹ ਜਾਣਦਾ ਹੈ । *ਏਲੋਹੀਮ,* "ਜੋ ਸਰਬ-ਭਰਪੂਰ ਹੈ ।" ਉਹ ਪਹਿਲਾ ਅਤੇ ਆਖਰੀ ਸੀ; ਆਦ ਅਤੇ ਅੰਤ । ਏਲੋਹੀਮ! ਅਬਰਾਹਾਮ ਨੇ ਉਸਨੂੰ "ਏਲੋਹੀਮ" ਕਿਹਾ । ਜਿਵੇਂ ਆਦ ਵਿੱਚ "ਪਰਮੇਸ਼ੁਰ" ਸੀ, ਪਰਮੇਸ਼ੁਰ, (ਇਬਰਾਨੀ ਵਿੱਚ) ਏਲੋਹੀਮ ।

95 ਉਹ ਏਲੋਹੀਮ ਮਨੁੱਖੀ ਦੇਹ ਵਿੱਚ ਪ੍ਰਗਟ ਹੋਇਆ, ਮਨੁੱਖੀ ਕਪੜੇ ਪਹਿਨੇ, ਮਨੁੱਖਾਂ ਦਾ ਭੋਜਨ ਖਾਦਾ। ਆਮੀਨ! ਇੱਕ ਚਿੰਨ੍ਹ ਸੀ ਕਿ ਪਰਮੇਸ਼ੁਰ ਅੰਤ ਦੇ ਦਿਨਾਂ ਵਿੱਚ ਆਪਣੇ ਲੋਕਾਂ ਨੂੰ ਮਨੁੱਖੀ ਦੇਹ ਵਿੱਚ ਦਿਸੇਗਾ! ਆਮੀਨ! ਯਿਸੂ ਨੇ ਕਿਹਾ, "ਜੋ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ । ਅਤੇ ਜਿਵੇਂ ਸਦੂਮ ਦੇ ਦਿਨਾਂ ਵਿੱਚ ਸੀ ਮਨੁੱਖ ਦੇ ਪੁੱਤਰ ਦੀ ਆਮਦ ਤੇ ਵੀ ਇੰਝ ਹੀ ਹੋਵੇਗਾ ।" ਆਮੀਨ! ਇਸਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਇਸਨੂੰ ਸਿਰਫ ਪ੍ਰਗਟ ਕਰਨ ਦੀ ਲੋੜ੍ਹ ਹੈ । ਆਮੀਨ । ਕੀ ਤੁਸੀਂ ਇਸਦਾ ਵਿਸ਼ਵਾਸ ਕਰਦੇ ਹੋ?

ਆਓ ਆਪਣੇ ਸਿਰਾਂ ਨੂੰ ਝੁਕਾਈਏ ।

96 ਸਾਡੇ ਸਵਰਗੀ ਪਿਤਾ, ਅੱਜ ਰਾਤ ਅਸੀਂ ਤੇਰੇ ਵਾਅਦਿਆਂ ਨੂੰ ਤੁਹਾਡੇ ਸਨਮੁੱਖ ਰਖਦੇ ਹਾਂ । ਤੁਸੀਂ ਉਹਨਾਂ ਦਾ ਵਾਅਦਾ ਕੀਤਾ ਹੈ । ਤੁਹਾਡੇ ਵਚਨ ਨੂੰ ਹੋਰ ਕੋਈ ਨਹੀਂ ਪਰ ਤੁਸੀਂ ਹੀ ਜੀਵਿਤ ਬਣਾ ਸਕਦੇ ਹੋ । ਤੁਸੀਂ ਕਿਹਾ ਸੀ, "ਚਾਨਣ ਹੋ ਜਾਵੇ," ਅਤੇ ਚਾਨਣ ਹੋ ਗਿਆ । ਇਹ ਪ੍ਰਗਟ ਹੋ ਗਿਆ, ਕਿਸੇ ਨੂੰ ਇਸਦਾ ਅਨੁਵਾਦ ਨਹੀਂ ਕਰਨਾ ਪਿਆ ।

97 ਜਿਵੇਂ ਅਸੀਂ ਯਸਾਯਾਹ ਨਬੀ ਦਾ ਹਵਾਲਾ ਦਿਤਾ, "ਇੱਕ ਕੁਵਾਰੀ ਗਰਭਵਤੀ ਹੋਵੇਗੀ," ਉਹ ਗਰਭਵਤੀ ਹੋ ਗਈ; ਇਹ ਉਸੇ ਤਰ੍ਹਾਂ ਹੋਇਆ, ਕਿਸੇ ਵੀ ਅਨੁਵਾਦ ਦੀ ਲੋੜ੍ਹ ਨਹੀਂ ਪਈ ।

98 ਤੁਸੀਂ ਕਿਹਾ ਸੀ, ਜਦੋਂ ਉਹ ਆਵੇਗਾ ਉਹ ਬੈਤਲਹਮ ਵਿੱਚ ਜਨਮ ਲਵੇਗਾ, "ਬੈਤਲਹਮ ਦੇ ਵਿਚੋਂ । ਬੈਤਲਹਮ, ਕੀ ਤੂੰ ਇਸਰਾਏਲ ਦੇ ਹਾਕਮਾਂ ਵਿਚੋਂ ਸਭ ਤੋਂ ਛੋਟਾ ਨਹੀਂ ਹੈਂ? ਪਰ ਤੇਰੇ ਵਿਚੋਂ ਮੇਰੇ ਲੋਕਾਂ ਦਾ ਹਾਕਮ ਨਿਕਲੇਗਾ ।"

99 ਉਹ ਸਭ ਜੋ ਉਹ ਕਰੇਗਾ, ਉਹ ਸੂਲੀ ਉਤੇ ਕੀ ਦੁਹਾਈ ਦੇਵੇਗਾ, ਕਿਵੇਂ ਉਸ ਨੂੰ ਸਜਾ ਦਿਤੀ ਜਾਵੇਗੀ, ਉਸਦੇ ਹੱਥ ਅਤੇ ਪੈਰ ਵਿੰਨ੍ਹੇ ਗਏ; "ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸਾਂਤੀ ਲਈ ਉਸ ਉਤੇ ਤਾੜਨਾ ਹੋਈ ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ ।"

100 ਦਾਊਦ ਨੇ ਕਿਵੇਂ ਕਿਹਾ, "ਮੈਂ ਉਸਦੀ ਜਾਨ ਨੂੰ ਪਤਾਲ ਵਿੱਚ ਨਾ ਛੱਡਾਂਗਾ ਨਾ ਆਪਣੇ ਪਵਿਤ੍ਰ ਪੁਰਖ ਨੂੰ ਗੋਰ ਵੇਖਣ ਦੇਵਾਂਗਾ ।" ਅਤੇ ਤੀਸਰੇ ਦਿਨ, ਇਸ ਤੋਂ ਪਹਿਲਾਂ ਕਿ ਬਹੱਤਰ ਘੰਟੇ ਬੀਤਣ ਤੇ ਉਸਦਾ ਸਰੀਰ ਸੜ੍ਹਨਾ ਸੁਰੂ ਹੁੰਦਾ, ਪਰਮੇਸ਼ੁਰ ਦਾ ਵਚਨ ਬੋਲਿਆ, "ਉਹ ਜੀ ਉਠੇਗਾ ।" (ਉਹ ਕਹਿੰਦੇ ਸਨ ਕਿ ਉਹਨਾਂ ਨੇ ਉਸਦੀ ਲਾਸ਼ ਚੋਰੀ ਕਰ ਲਈ ਹੈ, ਉਹ ਅਜੇ ਵੀ ਇਹੀ ਵਿਸ਼ਵਾਸ ਕਰਦੇ ਹਨ ।) ਪਰ ਪ੍ਰਭੂ, ਅਸੀਂ ਤੇਰੇ ਵਚਨ ਦਾ ਵਿਸ਼ਵਾਸ ਕਰਦੇ ਹਾਂ। ਇਹ ਪ੍ਰਗਟ ਹੋਇਆ ਸੀ । ਯਿਸੂ ਮਸੀਹ ਜੀ ਉਠਿਆ ਅਤੇ ਉਸਨੇ ਕਿਹਾ, "ਵੇਖੋ, ਮੈਂ ਜਗਤ ਦੇ ਅੰਤ ਤੱਕ ਤੁਹਾਡੇ ਨਾਲ ਹਾਂ ।"

101 ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅੱਜ ਰਾਤ ਤੁਸੀਂ ਇਥੇ ਹੋ । ਅਸੀਂ ਵਿਸ਼ਵਾਸ ਕਰਦੇ ਹਾਂ ਕਿ ਤੁਸੀਂ ਅੱਜ ਰਾਤ ਉਹੀ ਯਿਸੂ ਮਸੀਹ ਹੋ ਜਿਵੇਂ ਤੁਸੀਂ ਹਮੇਸ਼ਾ ਸੀ । ਅਤੇ ਤੂੰ ਉਹਨਾਂ ਅੱਖਾਂ, ਬਾਹਾਂ, ਲੱਤਾਂ, ਮੂੰਹ, ਪ੍ਰਾਣਾਂ, ਸਰੀਰਾਂ ਨੂੰ ਲੱਭ ਰਿਹਾ ਹੈਂ ਜਿਨਾਂ ਵਿਚੋਂ ਆਪਣੇ ਆਪ ਨੂੰ ਪ੍ਰਗਟ ਕਰ ਸਕੇਂ । ਪਰਮੇਸ਼ੁਰ, ਸਾਨੂੰ ਪਵਿੱਤਰ ਕਰ ਤਾਂਕਿ ਅੱਜ ਰਾਤ ਅਸੀਂ ਯਿਸੂ ਮਸੀਹ ਨੂੰ ਸਾਡੇ ਵਿੱਚ ਜਿਉਂਦਾ ਵੇਖੀਏ । ਉਸਨੂੰ ਆਉਣ ਦਿਓ! ਫਿਰ ਇਹ ਉਸੇ ਤਰ੍ਹਾਂ ਹੋਵੇਗਾ ਜਿਵੇਂ ਉਹ ਯੂਨਾਨੀ ਲੋਕ ਭੁੱਖ ਨੂੰ ਲੈਕੇ ਆਏ ਸਨ ਅਤੇ ਕਿਹਾ, "ਸ੍ਰੀ ਮਾਨ, ਅਸੀਂ ਯਿਸੂ ਨੂੰ ਵੇਖਣਾ ਚਾਹੁੰਦੇ ਹਾਂ ।" ਅਤੇ ਉਹਨਾਂ ਉਸ ਨੂੰ ਵੇਖਿਆ । ਓਹ, ਕਿਨਾਂ ਰੋਮਾਂਚਕ ਰਿਹਾ ਹੋਵੇਗਾ ਜਦੋਂ ਉਹਨਾਂ ਨੇ ਉਸ ਨੂੰ ਵੇਖਿਆ ।

102 ਪਰਮੇਸ਼ੁਰ, ਤੂੰ ਅੱਜ ਵੀ ਉਹੀ ਹੈਂ ਅਤੇ ਤੁਸੀਂ ਵਾਅਦਾ ਕੀਤਾ ਸੀ ਕਿ ਜੇਕਰ ਸਾਡੇ ਅੰਦਰ ਤੁਹਾਡੇ ਲਈ ਭੁੱਖ ਹੋਵੇਗੀ ਤਾਂ ਅਸੀਂ ਤੁਹਾਨੂੰ ਵੇਖ ਸਕਾਂਗੇ । "ਥੋੜ੍ਹੇ ਚਿਰ ਪਿਛੋਂ ਜਗਤ ਮੈਨੂੰ ਨਾ ਵੇਖੇਗਾ" (ਅਵਿਸ਼ਵਾਸੀ); "ਪਰ ਤੁਸੀਂ ਮੈਨੂੰ ਵੇਖੋਗੇ ਕਿਓਂ ਜੋ ਮੈਂ ਤੁਹਾਡੇ ਨਾਲ ਹੋਵਾਂਗਾ ਸਗੋਂ ਯੁੱਗਾਂ ਦੇ ਅੰਤ ਤੱਕ ਤੁਹਾਡੇ ਅੰਦਰ ਹੋਵਾਂਗਾ ।" ਅਸੀਂ ਜਾਣਦੇ ਹਾਂ ਕਿ ਤੂੰ ਕੱਲ੍ਹ, ਅੱਜ ਅਤੇ ਯੁੱਗਾਂਯੁੱਗ ਇਕੋ ਜਿਹਾ ਹੈਂ ।

103 ਪ੍ਰਭੂ, ਜੋ ਵਚਨ ਬੋਲਿਆ ਗਿਆ ਹੈ, ਲਿਖਿਆ ਹੋਇਆ ਹੈ, ਹੁਣ ਉਸਨੂੰ ਆਪਣੀ ਮਹਿਮਾ ਦੇ ਲਈ ਪੂਰਾ ਕਰ ਅਤੇ ਇਹ ਵਿਖਾ ਕਿ ਤੂੰ ਆਪਣੇ ਵਚਨ ਨੂੰ ਪੂਰਾ ਕਰਦਾ ਹੈਂ । ਆਮੀਨ । ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ ।

104 ਮੈਂ ਪ੍ਰਾਥਨਾ ਦੀ ਕਤਾਰ ਬੁਲਾਣ ਜਾ ਰਿਹਾ ਹਾਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਬਿੱਲੀ ਨੇ ਇੱਕ ਤੋਂ ਸੋ ਤੱਕ ਪ੍ਰਾਰਥਨਾ ਕਾਰਡ ਵੰਡੇ ਹਨ । ਪਰ ਹੁਣ ਉਹ ਇਥੇ ਨਹੀਂ ਹੈ । ਪ੍ਰਾਰਥਨਾ ਕਾਰਡ ਦਾ ਕੀ ਨੰਬਰ ਹੈ...ਆਪਣੇ ਕਾਰਡ ਦੇ ਪਿਛਲੇ ਪਾਸੇ ਵੇਖੋ...ਇਹ ਇੱਕ ਨੰਬਰ ਅਤੇ ਇੱਕ ਅੱਖਰ ਹੋਵੇਗਾ (A, B, C, D, ਜਾਂ...) । ਇਹ ਕੀ ਹੈ, A? ਠੀਕ ਹੈ ।

105 ਆਓ A ਤੋਂ ਸੁਰੂ ਕਰੀਏ, ਨੰਬਰ ਇੱਕ ਤੋਂ ਪੰਜ । ਇਸੇ ਤਰ੍ਹਾਂ ਖੜ੍ਹੇ ਹੋਣਾ ਸੁਰੂ ਕਰ ਦਿਓ । ਨੰਬਰ ਇੱਕ, ਦੋ, ਤਿੰਨ, ਚਾਰ, ਪ੍ਰਾਰਥਨਾ ਕਾਰਡ ਨੰਬਰ ਚਾਰ ਖੜਾ ਨਹੀ ਹੋਇਆ । ਹੋ ਸਕਦਾ ਹੈ ਕਿ ਉਹ ਖੜ੍ਹੇ ਨਾ ਹੋ ਸਕਦੇ ਹੋਣ । ਆਪਣੇ ਨਾਲ ਵਾਲੇ ਦਾ ਕਾਰਡ ਵੇਖੋ ਹੋ ਸਕਦਾ ਹੈ ਕਿ ਉਸ ਕੋਲ ਕਾਰਡ ਹੋਵੇ ਅਤੇ ਉਹ ਖੜਾ ਨਾ ਹੋ ਸਕਦਾ ਹੋਵੇ । ਜਲਦੀ ਕਰਾਂਗੇ, ਨੰਬਰ ਚਾਰ ਉਹ ਰਿਹਾ, ਪ੍ਰਾਥਨਾ ਕਾਰਡ ਨੰਬਰ ਪੰਜ । ਛੇ, ਸੱਤ, ਅੱਠ, ਨੌ, ਦੱਸ, ਗਿਆਰਾਂ, ਬਾਰ੍ਹਾਂ । ਜਿਵੇਂ ਹੀ ਤੁਹਾਡਾ ਨੰਬਰ ਬੋਲਿਆ ਜਾਂਦਾ ਹੈ ਇਥੇ ਆ ਜਾਓ । ਨੰਬਰ ਇੱਕ, ਦੌ, ਤਿੰਨ ਆ ਜਾਓ । ਪ੍ਰਾਰਥਨਾ ਕਾਰਡ ਨੰਬਰ ਇੱਕ, ਦੌ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌ, ਦੱਸ, ਗਿਆਰਾਂ ਆਪਣੇ ਜਗ੍ਹਾ ਲਵੋ । ਗਿਆਰਾਂ, ਬਾਰਾਂ, ਤੇਰਾਂ, ਚੌਦਾਂ, ਪੰਦਰਾਂ, ਸੋਲ੍ਹਾਂ, ਸਤਾਰਾਂ, ਅਠਾਰਾਂ, ਉੱਨੀ, ਵੀਹ, ਇੱਕੀ, ਬਾਈ, ਤੇਈ, ਚੌਵੀ, ਪੰਝੀ । ਜੇ ਕੋਈ ਨਹੀਂ ਆ ਸਕਦਾ…

106 ਮੈਂ ਪਿਛੇ ਇੱਕ ਜਵਾਨ ਨੂੰ ਵੀਲ੍ਹਚੇਅਰ ਤੇ ਬੈਠਾ ਵੇਖ ਰਿਹਾ ਹਾਂ । ਪੁੱਤਰ ਜੇਕਰ ਤੇਰਾ ਨੰਬਰ ਬੋਲਿਆ ਜਾਂਦਾ ਹੈ ਅਤੇ ਤੂੰ ਨਹੀਂ ਆ ਸਕਦਾ… ਬੱਸ ਆਪਣਾ ਹੱਥ ਖੜਾ ਕਰ ਦੇਣਾ, ਅਸੀਂ ਤੈਨੂੰ ਇਥੇ ਲੈ ਆਵਾਂਗੇ ।

107 ਇਥੇ ਕਿਨੇ ਹਨ ਜਿਹਨਾਂ ਕੋਲ ਪ੍ਰਾਥਨਾ ਕਾਰਡ ਨਹੀਂ ਹਨ ਅਤੇ ਤੁਸੀਂ ਬੀਮਾਰ ਹੋ? ਜਿਥੇ ਕਿਤੇ ਵੀ ਹੋ ਆਪਣੇ ਹੱਥਾਂ ਨੂੰ ਖੜ੍ਹੇ ਕਰੋ । ਬਿਲਕੁਲ ਉਥੇ ਹੀ, ਇਹ ਠੀਕ ਹੈ, ਆਪਣੇ ਹੱਥਾਂ ਨੂੰ ਉਪਰ ਕਰੋ । ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਜਿਨਾ ਚਿਰ ਉਹ ਪ੍ਰਾਥਨਾ ਲਈ ਲੋਕਾਂ ਨੂੰ ਇਕਠਾ ਕਰਦੇ ਹਨ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਕਲ੍ਹ, ਅੱਜ ਅਤੇ ਯੁੱਗਾਂਯੁੱਗ ਇੱਕੋ ਜਿਹਾ ਹੈ? ਕਿਨੇ ਵਿਸ਼ਵਾਸ ਕਰਦੇ ਹਨ? ਇਹਨਾਂ ਸੇਵਕਾਂ ਵਲ ਵੇਖੋ, ਭਰਾਵੋ, ਕੀ ਬਾਈਬਲ ਨਹੀਂ ਕਹਿੰਦੀ ਹੈ ਕਿ ਉਹ ਮਹਾਨ ਜਾਜਕ ਹੈ ਜਿਸਨੂੰ ਸਾਡੀਆਂ ਬਦੀਆਂ ਦੇ ਅਹਿਸਾਸ ਨਾਲ ਛੁਹਿਆ ਜਾ ਸਕਦਾ ਹੈ? ਕੀ ਇਹ ਠੀਕ ਹੈ? ਕਿਨੇ ਇਹ ਵਿਸ਼ਵਾਸ ਕਰਦੇ ਹਨ, ਆਪਣੇ ਹੱਥ ਖੜ੍ਹੇ ਕਰੋ? ਉਹ ਮਹਾਨ ਜਾਜਕ ਹੈ ਜੋ ਸਾਡੀਆਂ ਨਿਰਬਲਤਾਈਆਂ ਦੇ ਅਹਿਸਾਸ ਨਾਲ ਛੁਹਿਆ ਜਾ ਸਕਦਾ ਹੈ ।

108 ਫਿਰ ਜੇ ਬਾਈਬਲ ਕਹਿੰਦੀ ਹੈ. "ਉਹ ਕਲ੍ਹ ਅਤੇ ਯੁੱਗਾਂਯੁੱਗ ਇੱਕੋ ਜਿਹਾ ਹੈ," ਕਿਨੇ ਵਿਸ਼ਵਾਸ ਕਰਦੇ ਹਨ? ਤਾਂ ਫਿਰ ਉਹ ਅੱਜ ਕਿਵੇਂ ਕੰਮ ਕਰੇਗਾ? ਉਸਨੂੰ ਉਸੇ ਤਰ੍ਹਾਂ ਕੰਮ ਕਰਨਾ ਪਵੇਗਾ ਜਿਵੇਂ ਉਸਨੇ ਕਲ੍ਹ ਕੀਤਾ ਸੀ । ਕੀ ਇਹ ਠੀਕ ਹੈ? ਅੱਜ ਉਹ ਕਿਥੇ ਹੈ? ਉਹ ਪਰਮੇਸ਼ੁਰ ਦੇ ਸੱਜੇ ਹੱਥ ਬੈਠਾ ਹੋਇਆ ਹੈ ਅਤੇ ਉਸਦੀ ਦੇਹ ਜੋ ਪਵਿਤ੍ਰ ਆਤਮਾ ਹੈ ਉਸ ਦੀ ਪਹਿਚਾਣ ਕਰਾਉਣ ਲਈ ਇਸ ਇਮਾਰਤ ਵਿੱਚ ਹੈ ।

109 ਹੁਣ ਧਿਆਨ ਨਾਲ ਵੇਖਣਾ । ਉਸ ਦਿਨ ਕੀ ਹੋਇਆ ਸੀ ਜਦ ਇੱਕ ਔਰਤ ਨੇ ਉਸਦੇ ਪੱਲੇ ਨੂੰ ਛੋਹਿਆ ਸੀ? ਉਸਦੇ ਕੋਲ ਪ੍ਰਾਰਥਨਾ ਕਾਰਡ ਨਹੀਂ ਸੀ ਪਰ ਉਸਨੇ ਉਸਦੇ ਪੱਲੇ ਨੂੰ ਛੂਹ ਲਿਆ । ਅਤੇ ਜਦੋਂ ਉਸ ਨੇ ਛੁਹਿਆ, ਯਿਸੂ ਨੇ ਮੁੜ੍ਹ ਕੇ ਕਿਹਾ, "ਕਿਸਨੇ ਮੈਨੂੰ ਛੁਹਿਆ ਹੈ?"

110 ਪਤਰਸ ਨੇ ਉਹਨੂੰ ਝਿੜਕਿਆ ਅਤੇ ਕਿਹਾ, "ਪ੍ਰਭੂ, ਇਹ ਤਾਂ ਕੋਈ ਸਿਆਣੀ ਗੱਲ ਨਹੀਂ ਲਗਦੀ । ਕਿਓਂਕਿ ਹਰਕੋਈ ਤੈਨੂੰ ਛੂਹਣ ਦੀ ਕੋਸ਼ਿਸ਼ ਕਰ ਰਿਹਾ ਹੈ । ਤੂੰ ਕਿਓਂ ਕਹਿੰਦਾ ਹੈਂ ਕਿ, 'ਮੈਨੂੰ ਕਿਸਨੇ ਛੁਹਿਆ?"

111 ਉਸਨੇ ਕਿਹਾ, "ਮੈਂ ਮਹਿਸੂਸ ਕੀਤਾ ਹੈ ਕਿ ਸਮਰਥ ਮੇਰੇ ਵਿਚੋਂ ਨਿਕਲੀ ਹੈ ।" ਕਿਨੇ ਇਸ ਬਾਰੇ ਜਾਣਦੇ ਹਨ? *ਸਮਰਥ* ਦਾ ਅਰਥ ਹੈ "ਸ਼ਕਤੀ", ਉਸ ਵਿਚੋਂ ਨਿਕਲੀ । "ਮੈਨੂੰ ਕਿਸੇ

ਨੇ ਅਲਗ ਢੰਗ ਨਾਲ ਛੁਹਿਆ ਹੈ ਅਤੇ ਸਮਰਥ ਮੇਰੇ ਵਿਚੋਂ ਨਿਕਲੀ ।" ਯਿਸੂ ਮੁੜਿਆ ਅਤੇ ਭੀੜ ਵਿਚੋਂ ਵਿਸ਼ਵਾਸ ਦੀ ਧਾਰਾ ਨੂੰ ਲਭਣ ਲਗਾ ।

112 ਹਰਕੋਈ ਉਸਦੇ ਦੁਆਲੇ ਬਾਹਾਂ ਪਾ ਕੇ ਕਹਿ ਰਿਹਾ ਸੀ, "ਹੇ ਰੱਬੀ, ਅਸੀਂ ਤੇਰੇ ਤੇ ਵਿਸ਼ਵਾਸ ਕਰਦੇ ਹਾਂ," ਅਤੇ ਇਸੇ ਤਰ੍ਹਾਂ ਹੋਰ ਗਲਾਂ ਕਰ ਰਹੇ ਸਨ ।

113 ਪਰ ਉਥੇ ਕੋਈ ਸੀ ਜਿਸਨੇ ਸੱਚ-ਮੁੱਚ ਵਿਸ਼ਵਾਸ ਕੀਤਾ । ਉਸਨੇ ਉਸਦਾ ਬਸਤਰ ਛੁਹਿਆ ਅਤੇ ਵਿਸ਼ਵਾਸ ਕੀਤਾ ਕਿ ਉਹ ਚੰਗੀ ਹੋ ਗਈ ਹੈ, ਕਿਉਂਕਿ ਉਸਨੇ ਆਪਣੇ ਮਨ ਵਿੱਚ ਕਿਹਾ ਸੀ ਕਿ ਜੇ ਉਹ ਇੰਝ ਕਰੇ ਤਾਂ ਉਹ ਚੰਗੀ ਹੋ ਜਾਵੇਗੀ ।

114 ਯਿਸੂ ਨੇ ਭੀੜ੍ਹ ਵਲ ਨਿਗਾਹ ਮਾਰੀ ਅਤੇ ਉਸਨੂੰ ਲਭ ਲਿਆ ਅਤੇ ਕਿਹਾ...ਉਸਨੂੰ ਦਸਿਆ ਕਿ ਉਸਦੀ ਰੱਤ ਵਹਿਣ ਦੀ ਬਿਮਾਰੀ ਰੁਕ ਗਈ ਹੈ ਅਤੇ ਉਹ ਚੰਗੀ ਹੋ ਗਈ ਸੀ । ਕੀ ਇਹ ਠੀਕ ਹੈ? ਹੁਣ, ਇਸ ਤਰੀਕੇ ਨਾਲ ਉਸਨੇ ਭੀੜ ਵਿੱਚ ਅਚਰਜ ਕੰਮ ਕੀਤਾ ।

115 ਹੁਣ, ਮੈਂ ਦਾਵਾ ਕਰਦਾ ਹਾਂ ਕਿ ਉਹ ਮਰਿਆ ਨਹੀਂ ਹੈ ਉਹ ਅੱਜ ਵੀ ਹਮੇਸ਼ਾ ਦੀ ਤਰ੍ਹਾਂ ਜਿਉਂਦਾ ਹੈ । ਅਤੇ ਯਿਸੂ ਨੇ ਕਿਹਾ ਸੀ, "ਜਿਵੇਂ ਸਦੂਮ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਵੀ ਅਜਿਹਾ ਹੀ ਹੋਵੇਗਾ ।"

116 ਹੁਣ ਵੇਖੋ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਥੇ ਪਰਮੇਸ਼ੁਰ ਕੀ ਦੇਣ ਜਾ ਰਿਹਾ ਹੈ ਜਿਨਾ ਚਿਰ ਉਸਨੂੰ ਲੈਣ ਲਈ ਇਥੇ ਕੋਈ ਨਾ ਹੋਵੇ । ਜਦ ਉਹ ਇੱਕ ਸ਼ਹਿਰ ਵਿੱਚ ਗਿਆ ਤਾਂ ਬਾਈਬਲ ਵਿੱਚ ਲਿਖਿਆ ਹੈ, "ਉਹਨਾਂ ਦੇ ਅਵਿਸ਼ਵਾਸ ਕਾਰਣ ਉਹ ਉਥੇ ਬਹੁਤੀਆਂ ਕਰਾਮਾਤਾਂ ਨਾ ਕਰ ਸਕਿਆ ।" ਕੀ ਇਹ ਠੀਕ ਹੈ? ਅੱਜ ਵੀ ਉਹੋ ਗਲ ਹੈ । ਤੁਹਾਨੂੰ ਉਸਤੇ ਵਿਸ਼ਵਾਸ ਕਰਨਾ ਹੀ ਹੈ । ਤੁਹਾਨੂੰ ਬਸ ਉਸਤੇ ਵਿਸ਼ਵਾਸ ਕਰਨਾ ਪੈਣਾ ਹੈ । ਵਿਸ਼ਵਾਸ ਨਾਲ ਹੀ ਤੁਸੀਂ ਕੁਝ ਕਰ ਸਕਦੇ ਹੋ ।

117 ਕੀ ਪ੍ਰਾਥਨਾ ਪੰਕਤੀ ਤਿਆਰ ਹੈ? ਹੁਣ ਹਰ ਕੋਈ ਦੱਸ ਕੁ ਮਿੰਟਾ ਲਈ ਆਦਰ ਅਤੇ ਭਗਤੀ ਭਾਵ ਸਾਧ ਲਵੋ । ਮੈਨੂੰ ਨਹੀਂ ਪਤਾ ਕਿ ਉਥੇ ਕਿਵੇਂ ਪਹੁੰਚਾਂਗਾ, ਇਥੇ ਪ੍ਰਾਰਥਨਾ ਲਈ ਪੰਝੀ ਜਾਂ ਤੀਹ ਲੋਕ ਖੜ੍ਹੇ ਹਨ । ਪਰ ਪ੍ਰਾਰਥਨਾ ਪੰਕਤੀ ਵਿੱਚ ਹਰ ਕੋਈ ਜਾਣਦਾ ਹੈ ਕਿ ਮੈਂ ਉਸ ਲਈ ਇੱਕ ਅਜਨਬੀ ਹਾਂ ਅਤੇ ਮੈਂ ਤੁਹਾਡੇ ਬਾਰੇ ਕੁਝ ਵੀ ਨਹੀਂ ਜਾਣਦਾ, ਸਹਿਮਤੀ ਲਈ ਆਪਣਾ ਹੱਥ ਖੜ੍ਹਾ ਕਰੋ । ਪ੍ਰਾਥਨਾ ਪੰਕਤੀ ਵਿੱਚ ਸਾਰੇ ਮੇਰੇ ਲਈ ਅਜਨਬੀ ਹਨ ।

118 ਹੁਣ ਸਭਾ ਵਿਚੋਂ ਜਿਹਨਾਂ ਬਾਰੇ ਮੈਂ ਕੁਝ ਨਹੀਂ ਜਾਣਦਾ ਆਪਣੇ ਹੱਥ ਖੜ੍ਹੇ ਕਰੋ । ਮਿਤਰੋ ਹੁਣ ਵੇਖੋ ਕਿ ਮੈਂ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ । ਹੁਣ ਇਹ ਇਥੇ ਹੈ । ਇਹ ਸਾਰੇ ਸੇਵਕ ਮੰਚ ਤੇ ਹਨ ਅਤੇ ਮਸੀਹ ਨੇ ਇਹ ਵਾਅਦਾ ਕੀਤਾ ਹੈ । ਵੇਖੋ, ਇਹ ਲਿਖਿਆ ਹੋਇਆ ਹੈ । ਇਹ ਕਦੋਂ ਪੂਰਾ ਹੋਣਾ ਸੀ? ਅੰਤਮ ਦਿਨਾਂ ਵਿੱਚ ਪ੍ਰਭੂ ਦੀ ਆਮਦ ਤੋ ਪਹਿਲਾਂ । ਕੀ ਇਹ ਠੀਕ ਹੈ? ਇਹ ਪੂਰਾ ਹੋਣਾ ਹੀ ਸੀ ।

119 ਹੁਣ, ਅੱਜ ਦੇ ਲਈ ਇਹੀ ਵਚਨ ਦੀ ਭਵਿੱਖਬਾਣੀ ਹੈ । ਇਹ ਲੂਥਰ ਦੇ ਸਮੇਂ ਦਾ ਪ੍ਰਕਾਸ਼ ਨਹੀਂ ਹੈ; ਵੈਸਲੀ ਦਾ ਪ੍ਰਕਾਸ਼ ਨਹੀਂ ਹੈ ਅਤੇ ਨਾ ਹੀ ਪੈਂਟੀਂਕਾਸਟਲ ਦਾ ਪ੍ਰਕਾਸ਼ ਹੈ । ਅਸੀਂ ਹੁਣ ਅੱਗੇ ਵਧ ਚੁਕੇ ਹਾਂ । ਲੂਥਰ, ਮੈਥੋਡਿਸਟ, ਬੈਪਟਿਸਟ ਅਤੇ ਪੈਂਟੀਂਕਾਸਟਲ ਸਭ ਆਪਣੀ ਆਪਣੀ ਜਗ੍ਹਾ ਠੀਕ ਹਨ । ਅੱਜ ਰਾਤ ਇਥੇ ਹਰ ਤਰ੍ਹਾਂ ਦੇ ਲੋਕ ਬੈਠੇ ਹੋਏ ਹਨ । ਇਹ ਵਿਅਕਤੀਗਤ ਗਲ ਨਹੀਂ ਹੈ । ਕੀ ਜੇਕਰ...

120 ਤੁਸੀਂ ਇੱਕ ਮੈਥੋਡਿਸਟ ਨੂੰ ਲੂਥਰ ਬਾਰੇ ਕੁਝ ਵੀ ਨਹੀਂ ਦੱਸ ਸਕਦੇ ਕਿਓਂਕਿ ਉਹ ਪਵਿਤ੍ਰੀਕਰਣ ਵਿੱਚ ਵਿਸ਼ਵਾਸ ਕਰਦਾ ਹੈ ਪਰ ਲੂਥਰਣ ਨਹੀਂ ਕਰਦੇ । ਵੇਖਿਆ?

121 ਤੁਸੀਂ ਇੱਕ ਪੈਟੀਂਕਾਸਟਲ ਨੂੰ "ਪਵਿਤ੍ਰੀਕਰਣ ਬਾਰੇ" ਕਦੇ ਵੀ ਨਹੀਂ ਦੱਸ ਸਕਦੇ, ਉਸਨੇ ਦਾਨਾਂ ਦੀ ਬਹਾਲੀ ਵੇਖੀ ਹੋਈ ਹੈ । ਉਹ ਇਸਦਾ ਵਿਸ਼ਵਾਸ ਨਹੀ ਕਰੇਗਾ । ਉਸ ਕੋਲ ਇਸ ਨਾਲੋਂ ਕੁਝ ਜਿਆਦਾ ਹੈ । ਵੇਖਿਆ? ਅਤੇ ਇਹ ਆਖਰੀ ਕਲੀਸਿਯਾ ਕਾਲ ਸੀ ਅਤੇ ਬਾਈਬਲ ਦੱਸਦੀ ਹੈ ਕਿ ਇਸ ਤੋਂ ਬਾਅਦ ਕੋਈ ਵੀ ਕਲੀਸਿਯਾ ਕਾਲ ਨਹੀ ਹੋਵੇਗਾ ।

122 ਪਰ ਇੱਕ ਲੋਕਾਂ ਦਾ ਇਕੱਠ ਹੋਣਾ ਹੈ ਅਤੇ ਵੇਖੋ ਅਸੀਂ ਹਾਂ । ਹੁਣ, ਆਖਰੀ ਚਿੰਨ੍ਹ ਨੂੰ ਚੇਤੇ ਰਖੋ । ਕੀ ਅਸੀਂ ਲੋਕ ਵਾਅਦਾ ਕੀਤੇ ਹੋਏ ਪੁੱਤਰ ਦੀ ਉਡੀਕ ਕਰ ਰਹੇ ਹਾਂ? ਆਪਣੇ ਹੱਥ ਖੜ੍ਹੇ ਕਰੋ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮਸੀਹ ਵਿੱਚ ਹੋਣ ਕਾਰਣ ਤੁਸੀਂ ਅਬਰਾਹਾਮ ਦੀ ਅੰਸ ਹੋ? ਆਪਣੇ ਹੱਥ ਖੜ੍ਹੇ ਕਰੋ । ਤਾਂ ਫਿਰ ਅਬਰਾਹਾਮ ਦੀ ਅੰਸ਼, ਆਪਣਾ ਚਿੰਨ੍ਹ ਸਵੀਕਾਰ ਕਰ! ਉਹ ਬਾਹਰ ਬਾਬੁਲ ਵਿੱਚ ਜਾਂ ਨਾਮਧਾਰੀ ਗਿਰਜਿਆਂ ਵਿੱਚ ਨਹੀਂ ਹੈ । ਇਹ ਇਸ ਜਗ੍ਹਾ ਤੇ ਤੁਹਾਡੇ ਵਿੱਚ ਹੈ, ਜਿਹੜੇ ਉਸ ਗੜਬੜ ਵਿੱਚ ਨਹੀਂ ਹੋ । ਇਸਦਾ ਵਿਸ਼ਵਾਸ ਕਰੋ ।

123 ਇਥੇ ਇੱਕ ਔਰਤ ਹੈ, ਜੋ ਲਗਭਗ ਮੇਰੀ ਹੀ ਉਮਰ ਦੀ ਹੈ, ਇਹ ਮੇਰੇ ਲਈ ਪੂਰੀ ਤਰ੍ਹਾਂ ਅਜਨਬੀ ਹੈ । ਮੈਂ ਆਪਣੀ ਜਿੰਦਗੀ ਵਿੱਚ ਕਦੇ ਵੀ ਇਸਨੂੰ ਨਹੀਂ ਵੇਖਿਆ । ਜੇਕਰ ਇਹ ਔਰਤ ਬੀਮਾਰ ਹੈ, ਜੇਕਰ ਮੈਂ ਕਰ ਸਕਦਾ ਤਾਂ ਇਸਨੂੰ ਚੰਗਾ ਕਰ ਦਿੰਦਾ । ਮੈਂ ਇਸ ਬਾਰੇ ਕੁਝ ਵੀ ਨਹੀਂ ਜਾਣਦਾ। ਕੀ ਤੁਸੀਂ ਇਸ ਨੂੰ ਕੁਝ ਮਿੰਟ ਪਹਿਲਾਂ ਆਪਣਾ ਹੱਥ ਖੜਾ ਕਰਦੇ ਵੇਖਿਆ ਸੀ? ਮੈਂ—ਮੈਂ ਇਸਨੂੰ ਕਦੇ ਨਹੀਂ ਵੇਖਿਆ । ਉਹ ਸਿਰਫ ਇੱਕ ਔਰਤ ਹੈ ਜੋ ਉਥੇ ਖੜੀ ਹੈ ।

124 ਅੱਜ ਉਹ ਪ੍ਰਾਰਥਨਾ ਕਾਰਡਾਂ ਦਾ ਇੱਕ ਗੁੱਛਾ ਲੈਕੇ ਆਏ ਅਤੇ ਰਲਾ ਕੇ ਲੋਕਾਂ ਵਿੱਚ ਵੰਡ ਦਿਤੇ । ਕਿਸੇ ਨੂੰ ਨੰਬਰ ਇੱਕ ਮਿਲਿਆ ਜੋ ਇਥੇ ਖੜਾ ਹੈ, ਨੰਬਰ ਦੱਸ ਪਿਛੇ ਖੜਾ ਹੈ, ਨੰਬਰ ਪੰਦਰਾਂ, ਨੰਬਰ ਸੱਤ...ਇਸੇ ਤਰ੍ਹਾਂ ਹੀ । ਹਰ ਰੋਜ ਇਸੇ ਤਰ੍ਹਾਂ ਹੀ ਤੁਹਾਡੇ ਸਾਮਨੇ ਕਾਰਡ ਰਲਾ ਕੇ ਵੰਡੇ ਜਾਂਦੇ ਹਨ । ਅਤੇ ਜਦੋਂ ਉਹਨਾਂ ਨੂੰ ਬੁਲਾਇਆ ਜਾਂਦਾ ਹੈ ਤਾਂ ਹਰ ਜਗ੍ਹਾ ਤੋਂ ਉਹਨਾਂ ਨੂੰ ਬੁਲਾਇਆ ਜਾਂਦਾ ਹੈ । ਵੇਖਿਆ? ਅਤੇ ਤੁਹਾਨੂੰ ਪ੍ਰਾਥਨਾ ਕਾਰਡ ਦੀ ਵੀ ਲੋੜ੍ਹ ਨਹੀਂ ਹੈ, ਸਿਰਫ ਉਥੇ ਬੈਠੋ ਅਤੇ ਵਿਸ਼ਵਾਸ ਕਰੋ । ਕਿਓ ਨਹੀਂ ਕਰ ਸਕਦੇ...

125 ਆਪਣੇ ਆਪ ਨੂੰ ਚੂੰਢੀ ਵੱਢੋ ਅਤੇ ਅੱਜ ਰਾਤ ਵੇਖੋ ਕਿ ਅਸੀਂ ਕਿਸ ਘੜੀ ਵਿੱਚ ਜੀ ਰਹੇ ਹਾਂ । ਵੇਖਿਆ? ਮਿਤਰੋ ਹੁਣ ਸਮਾਂ ਲਗਭਗ ਖਤਮ ਹੋ ਚੁਕਾ ਹੈ । ਲਗਭਗ ਖਤਮ ਹੋ ਚੁਕਾ ਹੈ!

126 ਜੇਕਰ ਅਬਰਾਹਾਮ ਦੇ ਪਰਮੇਸ਼ੁਰ ਨੇ ਯਿਸੂ ਮਸੀਹ ਨੂੰ ਮੁਰਦਿਆਂ ਵਿਚੋਂ ਜਿਵਾਲਿਆ ਅਤੇ ਉਸੇ ਯਿਸੂ ਨੇ ਵਾਅਦਾ ਕੀਤਾ ਸੀ ਕਿ ਅੰਤ ਦੇ ਦਿਨਾਂ ਵਿੱਚ ਜਿਹੜੇ ਨਿਸ਼ਾਨ...ਉਸ ਦੂਤ ਨੇ (ਜਿਹੜਾ ਮਨੁਖੀ ਦੇਹ ਵਿੱਚ ਪਰਮੇਸ਼ੁਰ ਸੀ), ਵਾਅਦਾ ਕੀਤੇ ਹੋਏ ਪੁੱਤਰ ਦੇ ਜਨਮ ਲੈਣ ਤੋਂ ਪਹਿਲਾਂ ਅਬਰਾਹਾਮ ਦੇ ਸਾਹਮਣੇ ਵਿਖਾਏ, ਯਿਸੂ ਨੇ ਕਿਹਾ ਸੀ ਕਿ ਉਹੀ ਗਲਾਂ ਅੱਜ ਵੀ ਹੋਣਗੀਆਂ ।

127 ਹੁਣ ਅਸੀਂ ਇਹਨਾਂ ਪਰਮਾਣੂਆਂ ਨੂੰ ਅਤੇ ਨਾਮਧਾਰੀ ਕਲੀਸਿਯਾ ਨੂੰ ਅਤੇ ਉਸ ਸਾਰੀ ਗੜਬੜ ਨੂੰ ਵੇਖ ਰਹੇ ਹਾਂ । ਅਸੀਂ ਬਿੱਲੀ ਗ੍ਰਾਹਮ ਅਤੇ ਔਰਲ ਰੋਬਰਟਸ ਨੂੰ ਉਹਨਾਂ ਲੋਕਾਂ ਵਿੱਚ ਵੇਖ ਸਕਦੇ ਹਾਂ; ਪੈਟੀਂਕਾਸਟਲ ਦੂਤ ਅਤੇ ਸੰਪਰਦਾਇਕ ਦੂਤ, ਚਿੰਨ੍ਹ ਵਿਖਾ ਰਹੇ ਹਨ, ਅਸੀਂ ਇਹ ਸਭ ਹੁੰਦਾ ਵੇਖ ਰਹੇ ਹਾਂ । ਬਿੱਲੀ ਗ੍ਰਾਹਮ ਧਰਮ ਸ਼ਾਸਤਰ ਦਾ ਵਿਦਵਾਨ ਹੈ ਜਿਵੇਂ

ਨਾਮਧਾਰੀ ਕਲੀਸਿਯਾ ਵਿਸ਼ਵਾਸ ਕਰਦੀ ਹੈ । ਔਰਲ ਰੋਬਰਟਸ ਚੰਗਾਈ ਦੇਣ ਵਾਲਾ ਹੈ, ਜਿਵੇਂ ਪੈਟੀਂਕਾਸਟਲ...

128 ਪਰ ਏਧਰ ਵੇਖੋ, ਅਬਰਾਹਮ ਦੇ ਸੰਤਾਨ ਲਈ ਵੀ ਕੁਝ ਵਾਅਦਾ ਕੀਤਾ ਗਿਆ ਹੈ । ਉਹ ਦੋਵੇਂ ਦੂਤ ਨਾਮਧਾਰੀ ਗਿਰਜਿਆਂ ਵਿੱਚ ਹਨ; ਪਰ ਨਾਮਧਾਰੀ ਗਿਰਜਿਆਂ ਤੋਂ *ਬਾਹਰ* ਵੀ ਕੁਝ ਹੋਣਾ ਚਾਹੀਦਾ ਹੈ । ਅਸੀਂ ਇਸ ਨੂੰ ਕਲ੍ਹ ਰਾਤ ਤਕ ਛੱਡ ਦੇਵਾਂਗੇ ।

129 ਵੇਖੋ, ਮੈਂ ਇਸ ਔਰਤ ਨੂੰ ਨਹੀਂ ਜਾਣਦਾ । ਮੈਂ ਇਸ ਵਲ ਆਪਣੀ ਪਿੱਠ ਕਰ ਲਵਾਂਗਾ । ਜੇਕਰ ਪ੍ਰਭੂ ਪਰਮੇਸ਼ੁਰ ਉਸ ਔਰਤ ਨੂੰ ਕੁਝ ਕਹੇ, ਪਰੇਸਾਨੀ ਘਰੇਲੂ ਜਾਂ ਪੈਸੇ ਦੀ ਹੋ ਸਕਦੀ ਹੈ, ਜਾਂ ਹੋ ਸਕਦਾ ਹੈ ਉਹ ਬੀਮਾਰ ਹੈ; ਮੈਂ ਨਹੀਂ ਜਾਣਦਾ । ਉਹ ਜਾਣ ਲਵੇਗੀ ਕਿ ਇਹ ਸੱਚ ਹੈਂ ਜਾਂ ਨਹੀਂ ।

130 ਜੇਕਰ ਅੱਜ ਰਾਤ ਉਹ ਉਹੀ ਕੰਮ ਕਰਦਾ ਹੈ ਜੋ ਯਿਸੂ ਨੇ ਵਾਅਦਾ ਕੀਤਾ ਸੀ ਕਿ ਉਹ ਅੰਤ ਦੇ ਦਿਨਾਂ ਵਿੱਚ ਕਰੇਗਾ ਤਾਂ ਕਿ ਤੁਸੀਂ ਪਰਮੇਸ਼ੁਰ ਤੇ ਵਿਸ਼ਵਾਸ ਕਰੋਗੇ? ਕਿਓਂਕਿ ਸਾਰਾ ਸੰਸਾਰ ਸਦੂਮ ਵਰਗੀ ਹਾਲਤ ਵਿੱਚ ਚਲਾ ਗਿਆ ਹੈ, ਕਿਨੇ ਵਿਸ਼ਵਾਸ ਕਰਦੇ ਹਨ ਕਿ ਅਸੀਂ ਸਦੂਮ ਵਿੱਚ ਰਹਿ ਰਹੇ ਹਾਂ? ਤੁਹਾਡੇ ਵਿਚੋਂ ਕਿਨੇ ਵਿਸ਼ਵਾਸ ਕਰਦੇ ਹਨ ਕਿ ਮੈਂ ਅੱਜ ਰਾਤ ਜੋ ਵੀ ਤੁਹਾਨੂੰ ਦਸਿਆ ਹੈ ਉਹ ਸੱਚ ਹੈ? ਤਾਂ ਫਿਰ ਅਬਰਾਹਮ ਦੀ ਸੰਤਾਨ, ਪਰਮੇਸ਼ੁਰ ਤੇ ਵਿਸ਼ਵਾਸ ਕਰ!

131 ਹੁਣ ਜੇਕਰ ਵਿਸ਼ਵਾਸ ਕਰਦੇ ਹੋ ਤਾਂ ਇਹ ਤੁਹਾਡੇ ਦਿਮਾਗ ਵਿਚੋਂ ਬਾਹਰ ਕਢ ਦੇਵੇਗਾ ਕਿ ਮੈਂ ਇਸ ਔਰਤ ਨੂੰ ਇਹ ਸਭ ਉਸਦਾ ਚਹਿਰਾ ਵੇਖ ਕੇ ਜਾਂ ਟੈਲੀਪੈਥੀ ਰਾਹੀਂ ਦੱਸ ਰਿਹਾ ਹਾਂ । ਟੈਲੀਪੈਥੀ ਨੂੰ ਜਾਣਨ ਵਾਲਾ ਏਨੀ ਨਾਦਾਨੀ ਨਹੀ ਕਰੇਗਾ । ਵੇਖਿਆ? ਕੀ ਤੁਸੀਂ ਕਦੇ ਇੱਕ ਟੈਲੀਪੈਥੀ ਜਾਨਣ ਵਾਲੇ ਨੂੰ ਇੰਜੀਲ ਪਰਚਾਰ ਕਰਦੇ ਵੇਖਿਆ ਹੈ? ਕੀ ਤੁਸੀਂ ਕਦੇ ਇੱਕ ਅਧਿਆਤਮਵਾਦੀ ਨੂੰ ਇੰਜੀਲ ਪਰਚਾਰ ਕਰਦੇ ਹੋਏ, ਚਿੰਨ੍ਹ ਚਮਤਕਾਰ ਕਰਦੇ ਹੋਏ, ਇਹ ਦਾਵਾ ਕਰਦੇ ਹੋਏ ਕਿ ਯਿਸੂ ਮਸੀਹ ਇੱਕੋ ਜਿਹਾ ਹੈ, ਵੇਖਿਆ ਹੈ? ਕਦੇ ਨਹੀਂ ।

132 ਵੇਖੋ, ਇਹ ਸਿਰਫ...ਇਹ ਲੋਕਾਂ ਦੇ ਵਿਚਾਰ ਹਨ । ਵੇਖੋ, ਉਹ ਅੰਨ੍ਹੇ ਹਨ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਅੰਨ੍ਹੇ ਹੋ ਸਕਦੇ ਹਨ? ਬਾਈਬਲ ਕਹਿੰਦੀ ਹੈ ਕਿ ਉਹ ਅੰਨ੍ਹੇ ਹੋਣਗੇ । ਕੀ ਇਹ ਠੀਕ ਹੈ? "ਹੰਕਾਰੀ, ਸੇਖੀ-ਬਾਜ, ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ, ਪੱਥਰ ਦਿਲ, ਪਰਾਈ ਨਿੰਦਿਆ ਕਰਨ ਵਾਲੇ, ਅੰਸਜਮੀ, ਨਿਮਕ ਹਰਾਮ, ਭਗਤੀ ਦਾ ਰੂਪ ਧਾਰ ਕੇ ਸਕਤੀ ਦੇ ਇਨਕਾਰੀ ਹੋਣਗੇ ।"

133 ਕੀ ਮੱਤੀ 24:24 ਵਿੱਚ ਯਿਸੂ ਨੇ ਨਹੀਂ ਆਖਿਆ ਕਿ ਅੰਤ ਦੇ ਦਿਨਾਂ ਵਿੱਚ ਦੋ ਆਤਮੇ ਜੇ ਹੋ ਸਕਦਾ ਤਾਂ ਚੁਣਿਆਂ ਹੋਇਆਂ ਨੂੰ ਵੀ ਭਰਮਾ ਲੈਣਗੇ? ਪਰ ਇਹ ਹੋ ਹੀ ਨਹੀਂ ਸਕਦਾ । ਕਿਓਂਕਿ ਉਹ ਆਦ ਤੋਂ ਹੀ ਪਰਮੇਸ਼ੁਰ ਦੇ ਵਿਚਾਰਾਂ ਵਿੱਚ ਸਨ ਅਤੇ ਉਹ ਪਰਮੇਸ਼ੁਰ ਦਾ ਹਿੱਸਾ ਹਨ ।

134 ਹੁਣ ਹੇ ਅਬਰਾਹਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਅੱਜ ਰਾਤ ਇਹ ਮਲੂਮ ਹੋਣ ਦੇ ਕਿ ਮੈਂ ਜੋ ਵੀ ਤੇਰੇ ਬਾਰੇ ਦਸਿਆ ਹੈ ਉਹ ਸੱਚ ਹੈ । ਪ੍ਰਭੂ ਇਹ ਤੂੰ ਹੈਂ । ਹੋਣ ਦੇ ਕਿ ਤੇਰੇ ਸੇਵਕ ਨਿਮਰਤਾਪੂਰਵਕ ਆਪਣੇ ਵਿਚਾਰਾਂ ਨੂੰ ਰਸਤੇ ਵਿਚੋਂ ਹਟਾ ਦੇਣ ਤਾਂਕਿ ਤੂੰ ਉਹਨਾਂ ਦੇ ਸਰੀਰਾਂ ਨੂੰ ਆਪਣੀ ਮਹਿਮਾ ਦੇ ਲਈ ਇਸਤੇਮਾਲ ਕਰ ਸਕੇਂ । ਪਰਮੇਸ਼ੁਰ ਦੇ ਪੁੱਤਰ, ਯਿਸੂ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ । ਆਮੀਨ ।

135 ਦਾਨ ਕੀ ਹੈ? ਦਾਨ ਇਹ ਨਹੀਂ ਹੈ ਜਿਸ ਨੂੰ ਲੈ ਕੇ ਤੁਸੀਂ ਉਛਲੋ ਅਤੇ ਭੌਂਦੇ ਫਿਰੋ । ਦਾਨ ਇਹ ਜਾਨਣਾ ਹੈ ਕਿ ਤੁਸੀਂ ਆਪਣੇ ਆਪ ਨੂੰ ਰਸਤੇ ਤੋਂ ਕਿਵੇਂ ਬਾਹਰ ਕਰਨਾ ਹੈ ਤਾਂਕਿ ਪਰਮੇਸ਼ੁਰ ਤੁਹਾਨੂੰ ਇਸਤੇਮਾਲ ਕਰ ਸਕੇ । ਇੱਕ ਦਾਨ ਸਿਰਫ ਆਪਣੇ ਆਪ ਨੂੰ ਰਸਤੇ ਤੋਂ ਹਟਾਨਾ ਹੈ, ਫਿਰ ਪਰਮੇਸ਼ੁਰ ਤੁਹਾਡਾ ਇਸਤੇਮਾਲ ਕਰਦਾ ਹੈ ।

136 ਇਹ ਔਰਤ ਜੋ ਮੇਰੇ ਪਿਛੇ ਖੜ੍ਹੀ ਹੈ ਇਸੇ ਵੇਲੇ ਮਰਨ ਵਾਲੀ ਹੈ ਜੇਕਰ ਚੰਗੀ ਨਾ ਕੀਤੀ ਜਾਵੇ । ਇਹ ਔਰਤ ਜੋ ਮੇਰੇ ਪਿਛੇ ਖੜੀ ਹੈ ਇਸ ਲਈ ਕਿਸੇ ਨੇ ਹੁਣੇ ਹੁਣੇ ਪ੍ਰਾਥਨਾ ਕੀਤੀ ਹੈ । ਇਸ ਔਰਤ ਨੂੰ ਕੈਂਸਰ ਹੈ । ਕੈਂਸਰ ਉਸਦੀ ਛਾਤੀ ਅਤੇ ਫੇਫੜਿਆਂ ਵਿੱਚ ਹੈ । ਅਤੇ ਉਸ ਵਾਸਤੇ ਥੋੜੇ ਚਿਰ ਪਹਿਲਾਂ ਪ੍ਰਾਥਨਾ ਕੀਤੀ ਗਈ ਹੈ ਅਤੇ ਉਹ ਵਿਸ਼ਵਾਸ ਨਾਲ ਇਹ ਸਵੀਕਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਚੰਗੀ ਹੋ ਚੁਕੀ ਹੈ । ਇਹ ਯਹੋਵਾਹ ਇੰਝ ਫਰਮਾਂਦਾ ਹੈ! ਔਰਤ, ਕੀ ਇਹ ਸੱਚ ਹੈ?[ਔਰਤ ਕਹਿੰਦੀ ਹੈ, "ਹਾਂ, ਜਰੂਰ ਇਹ ਸੱਚ ਹੈ ।"—ਸੰਪਾਦਕ] ਜੇ ਕਰ ਇਹ ਹੈ, ਸਭਾ ਦੀ ਵਲ ਆਪਣਾ ਹੱਥ ਲਹਿਰਾ । ਅਬਰਾਹਾਮ ਦਾ ਪਰਮੇਸ਼ੁਰ ਅੱਜ ਵੀ ਜਿਉਂਦਾ ਹੈ! ਸਭ ਠੀਕ ਹੈ, ਜਾ ਜੋ ਤੂੰ ਵਿਸ਼ਵਾਸ ਕਰਦੀ ਹੈ ਉੰਝ ਹੀ ਵਿਸ਼ਵਾਸ ਕਰ ਅਤੇ ਤੂੰ ਚੰਗੀ ਹੋ ਜਾਵੇਂਗੀ । ਆਮੀਨ ।

"ਸਭਾ ਦਾ ਇਸ ਦੇ ਬਾਰੇ ਕੀ ਵਿਚਾਰ ਹੈ?" ਤੁਸੀਂ ਦਸੋ । ਕੀ ਤੁਸੀਂ ਵਿਸ਼ਵਾਸ ਕਰਦੇ ਹੋ?

137 ਇਹ ਔਰਤ ਜੋ ਉਸਦੇ ਨਾਲ ਬੈਠੀ ਹੈ...ਪੰਗਤ ਦੇ ਆਖੀਰ ਤੋਂ ਦੂਸਰੀ ਔਰਤ । ਜਦ ਮੈਂ ਉਧਰ ਮੁੜ੍ਹਿਆ ਮੈਂ ਉਸਦੀ ਬਾਂਹ ਤੇ ਕੁਝ ਵੇਖਿਆ । ਉਸਦਾ (ਖੂਨ ਦਾ ਦਬਾਅ) ਬਲੱਡ ਪ੍ਰੈਸ਼ਰ ਜਿਆਦਾ ਹੈ । ਔਰਤ, ਕੀ ਇਹ ਠੀਕ ਹੈ? ਆਪਣਾ ਹੱਥ ਖੜ੍ਹਾ ਕਰੋ । ਜੇਕਰ ਤੂੰ ਵਿਸ਼ਵਾਸ ਕਰੇ ਤਾਂ ਤੇਰਾ ਬਲੱਡ ਪ੍ਰੈਸ਼ਰ ਠੀਕ ਹੋ ਜਾਵੇਗਾ । ਅਬਰਾਹਾਮ ਦਾ ਪਰਮੇਸ਼ੁਰ ਅਜੇ ਵੀ ਦ੍ਰਿਸ਼ ਉਤੇ ਹੈ । ਉਹ ਅੱਜ ਵੀ ਉਹੋ ਹੈ ਜੋ ਉਹ ਕਦੇ ਹੁੰਦਾ ਸੀ, ਉਹ ਅੱਜ ਦੇ ਦਿਨ ਲਈ ਪਰਮੇਸ਼ੁਰ ਦਾ ਵਚਨ ਹੈ!

138 ਹੁਣ ਤੁਹਾਡਾ ਕੀ ਵਿਚਾਰ ਹੈ? ਕੀ ਤੁਸੀਂ ਹੁਣ ਵਿਸ਼ਵਾਸ ਕਰਦੇ ਹੋ? ਪਰਮੇਸ਼ੁਰ ਵਿੱਚ ਵਿਸ਼ਵਾਸ ਰਖੋ! ਜਵਾਨ ਔਰਤ, ਤੂੰ ਇੱਕ ਬੱਚੀ ਜਿਹੀ ਲਗਦੀ ਹੈਂ । ਮੈਂ ਕੁਝ ਨਹੀਂ ਜਾਣਦਾ ਪਰ ਪਰਮੇਸ਼ੁਰ ਤੇਰੇ ਹਿਰਦੇ ਨੂੰ ਜਾਣਦਾ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਮੇਰੇ ਤੇ ਇਹ ਪ੍ਰਗਟ ਕਰ ਸਕਦਾ ਹੈ ਕਿ ਤੇਰੇ ਨਾਲ ਕੀ ਮਾਮਲਾ ਹੈ? ਜੇਕਰ ਉਹ ਕਰਦਾ ਹੈ ਤਾਂ ਕੀ ਤੂੰ ਉਸਤੇ ਵਿਸ਼ਵਾਸ ਕਰੇਂਗੀ? ਤੂੰ ਇਥੇ ਆਪਣੇ ਲਈ ਨਹੀਂ ਹੈ, ਤੂੰ ਕਿਸੇ ਹੋਰ ਲਈ ਹੈਂ, ਉਹ ਤੇਰਾ ਭਰਾ ਹੈ । ਅਤੇ ਉਸਦੀ ਹਾਲਤ ਬਹੁਤ ਨਾਜੁਕ ਹੈ ਅਤੇ ਉੱਤਰ ਦਿਸ਼ਾ ਵਿੱਚ ਤੁਲਾਰੇ ਨਾਂ ਦੇ ਸ਼ਹਿਰ ਵਿੱਚ ਹੈ । ਉਹ ਹਸਪਤਾਲ ਵਿੱਚ ਹੈ ਅਤੇ ਉਸਨੂੰ ਖੂਨ ਦਾ ਕੈਂਸਰ ਹੈ ਅਤੇ ਡਾਕਟਰਾਂ ਨੇ ਉਸਨੂੰ ਮਰਨ ਲਈ ਛੱਡ ਦਿਤਾ ਹੈ । ਉਸਦੇ ਬਚਾਉ ਦੀ ਕੋਈ ਉਮੀਦ ਨਹੀਂ ਹੈ । ਇਹ ਠੀਕ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ [ਔਰਤ ਚਿਲਾਂਦੇ ਹੋਏ ਕਹਿੰਦੀ ਹੈ, "ਹਾਂ"—ਸੰਪਾਦਕ ।] ਠੀਕ ਹੈ । ਤੇਰੇ ਹੱਥ ਵਿੱਚ ਕੀ ਹੈ? ਇਸਨੂੰ ਲੈ ਜਾ ਅਤੇ ਉਸ ਉਤੇ ਰਖ ਦੇਵੀਂ । ਅਤੇ ਸ਼ੱਕ ਨਾ ਕਰੀਂ । ਵਿਸ਼ਵਾਸ ਕਰ! ਆਮੀਨ ।

139 ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਮੈਂ ਇਸ ਔਰਤ ਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ । ਪਰ ਪਰਮੇਸ਼ੁਰ ਤਾਂ ਪਰਮੇਸ਼ੁਰ ਹੀ ਹੈ । ਮੈਨੂੰ ਦਸੋ ਜੇ ਕੋਈ ਮਨੁੱਖ ਇਹ ਕਰ ਸਕਦਾ ਹੈ? ਮਨੁੱਖ ਦੀ ਰਚਨਾ ਇਹ ਕਰਨ ਦੇ ਲਈ ਨਹੀਂ ਹੋਈ ਹੈ । ਇਹ ਤਾਂ ਪਰਮੇਸ਼ੁਰ ਹੈ ਜਿਸ ਬਾਰੇ ਯਿਸੂ ਮਸੀਹ ਨੇ ਵਾਅਦਾ ਕੀਤਾ ਸੀ ਕਿ ਉਹ ਅੰਤਮ ਦਿਨਾਂ ਵਿੱਚ (ਅਬਰਾਹਾਮ ਦੀ

ਅੰਸ਼ ਦੇ ਸਾਹਮਣੇ) ਆਪਣੇ ਆਪ ਨੂੰ ਪ੍ਰਗਟ ਕਰੇਗਾ ਜਿਵੇਂ ਉਸਨੇ ਸਦੂਮ ਦੇ ਦਿਨਾਂ ਵਿੱਚ ਕੀਤਾ ਸੀ ।

140 ਹੁਣ ਇਸ ਔਰਤ ਨੂੰ ਮੈਂ ਨਹੀਂ ਜਾਣਦਾ, ਅਸੀਂ ਇੱਕ ਦੂਜੇ ਲਈ ਅਜਨਬੀ ਹਾਂ, ਮੇਰਾ ਅੰਦਾਜ਼ਾ ਹੈ ਕਿ ਜਿੰਦਗੀ ਵਿੱਚ ਇਹ ਸਾਡੀ ਪਹਿਲੀ ਮੁਲਾਕਾਤ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਮੈਂ ਪਰਮੇਸ਼ੁਰ ਦਾ ਸੇਵਕ ਹਾਂ? [ਔਰਤ ਕਹਿੰਦੀ ਹੈ, "ਹਾਂ ।"—ਸੰਪਾਦਕ ।] ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਇਹ ਉਸਦਾ ਵਚਨ ਹੈ? ["ਹਾਂ ।"] ਅਤੇ ਤੂੰ ਜਾਣਦੀ ਹੈਂ ਕਿ ਇਹ ਵਚਨ ਮਨ ਦਿਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ । ਕੀ ਇਹ ਠੀਕ ਹੈ? ["ਇਹ ਠੀਕ ਹੈ ।"] ਵਚਨ ਚੰਗਾਈ ਦਿੰਦਾ ਹੈ ਅਤੇ ਜੇਕਰ ਤੂੰ ਵਿਸ਼ਵਾਸ ਕਰੇਂ ਤਾਂ ਤੂੰ ਵੀ ਚੰਗੀ ਹੋ ਜਾਵੇਂਗੀ । ਤੇਰੇ ਉਤੇ ਇੱਕ ਕਾਲੀ ਛਾਇਆ ਹੈ । ਇਹ ਕੈਂਸਰ ਹੈ । ਅਤੇ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਉਹ ਕੈਂਸਰ ਕਿਥੇ ਹੈ, ਕੀ ਤੂੰ ਵਿਸ਼ਵਾਸ ਕਰਦੀ ਹੈਂ? ਇਹ ਹੇਠਲੀਆਂ ਅੰਤੜਿਆਂ ਵਿੱਚ ਹੈ, ਜਿਵੇਂ ਡਾਕਟਰ ਨੇ ਵੀ ਕਿਹਾ ਸੀ । ਕੀ ਤੂੰ ਹੁਣ ਵਿਸ਼ਵਾਸ ਕਰਦੀ ਹੈਂ ਕਿ ਤੂੰ ਚੰਗੀ ਹੋ ਜਾਵੇਂਗੀ? ["ਆਮੀਨ ।"] ਜਾ ਅਤੇ ਥੋੜਾ ਜਿਹਾ ਵੀ ਸ਼ੱਕ ਨਾ ਕਰੀਂ, ਅਤੇ ਪਰਮੇਸ਼ੁਰ ਤੈਨੂੰ ਚੰਗਾ ਕਰ ਦੇਵੇਗਾ । ਆਮੀਨ ।

141 ਕੀ ਤੁਸੀਂ ਸਾਰੇ ਵਿਸ਼ਵਾਸ ਕਰਦੇ ਹੋ? ਉਹ ਉਂਝ ਹੀ ਕਰੇਗਾ ਜਿਵੇਂ ਉਸਨੇ ਵਾਅਦਾ ਕੀਤਾ ਸੀ! ਪਰਮੇਸ਼ੁਰ ਵਿੱਚ ਵਿਸ਼ਵਾਸ ਰਖੋ, ਸ਼ੱਕ ਨਾ ਕਰੋ ।

142 ਅਸੀਂ ਇੱਕ ਦੂਜੇ ਲਈ ਅਜਨਬੀ ਹਾਂ । ਮੈਂ ਤੈਨੂੰ ਨਹੀਂ ਜਾਣਦਾ । ਅਸੀਂ ਆਪਣੇ ਹੱਥ ਖੜ੍ਹੇ ਕਰਕੇ ਸਭਾ ਨੂੰ ਦਸਾਂਗੇ ਕਿ ਅਸੀਂ ਇੱਕ ਦੂਜੇ ਲਈ ਅਜਨਬੀ ਹਾਂ । ਮੈਂ ਇਸ ਔਰਤ ਨੂੰ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ ।

143 ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਮਸੀਹ ਹੈ? ਇਹ ਕੀ ਹੈ? ਇਹ ਉਸਦਾ ਵਚਨ ਹੈ । ਜਦੋਂ ਲੋਕ ਇਸਨੂੰ ਰੱਦ ਕਰਦੇ ਹਨ, ਉਹ ਇੱਕ ਮਨੁੱਖ ਨੂੰ ਨਹੀਂ ਰੱਦ ਰਹੇ ਹੁੰਦੇ, ਉਹ ਵਚਨ ਨੂੰ ਰੱਦ ਰਹੇ ਹੁੰਦੇ ਹਨ । ਇਹ ਵਚਨ ਹੀ ਸੀ ਜੋ ਬਾਹਰ ਸੀ ਅਤੇ ਅੰਦਰ ਨਹੀਂ ਆ ਸਕਿਆ ।

144 ਹੁਣ ਇਹ ਔਰਤ ਮੇਰੇ ਲਈ ਅਜਨਬੀ ਹੈ । ਮੈਂ ਇਸਨੂੰ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ । ਪਰਮੇਸ਼ੁਰ ਹੀ ਚੰਗਾਈ ਦੇਣ ਵਾਲਾ ਹੈ । ਹੋ ਸਕਦਾ ਹੈ ਹੈ ਕਿ ਤੁਸੀਂ ਇਥੇ ਚੰਗਾਈ ਲਈ ਨਹੀ, ਕੋਈ ਹੋਰ ਮਾਮਲਾ ਹੋ ਸਕਦਾ ਹੈ ਪਰ ਜੇਕਰ ਪਰਮੇਸ਼ੁਰ ਮੈਨੂੰ ਤੇਰੀ ਪਰੇਸ਼ਾਨੀ ਦੱਸ ਦਵੇ ਤਾਂ ਕੀ ਤੂੰ ਮੇਰੇ ਤੇ ਵਿਸ਼ਵਾਸ ਕਰੇਂਗੀ? ਪਹਿਲਾਂ ਤੂੰ ਆਪਣੇ ਖਰਾਬ ਕੰਨ ਲਈ ਪ੍ਰਾਥਨਾ ਕਰਵਾਨੀ ਚਾਹੁੰਦੀ ਹੈਂ । ਤੂੰ ਆਪਣੇ ਇੱਕ ਕੰਨ ਤੋਂ ਨਹੀਂ ਸੁਣ ਸਕਦੀ । ਇਹ ਠੀਕ ਹੈ । ਇਹ ਸੱਚ ਹੈ । ਅਤੇ ਤੈਨੂੰ ਇੱਕ ਆਦਤ ਹੈ ਅਤੇ ਉਸ ਤੋਂ ਛੁਟਕਾਰਾ ਪਾਣਾ ਚਾਹੁੰਦੀ ਹੈ, ਤੈਨੂੰ ਸਿਗਰਟਾਂ ਪੀਣ ਦੀ ਆਦਤ ਹੈ । ਹੁਣ ਆਪਣੇ ਠੀਕ ਵਾਲੇ ਕੰਨ ਵਿੱਚ ਉਂਗਲ ਪਾਉ, ਠੀਕ ਹੈ, ਆਪਣੇ ਠੀਕ ਵਾਲੇ ਕੰਨ ਵਿੱਚ । ਹੁਣ ਵਿਸ਼ਵਾਸ ਕਰ ਅਤੇ ਆਪਣੇ ਰਾਹੇ ਜਾ ਅਤੇ ਨਾ ਕਰੀਂ…ਅਤੇ ਜੇਕਰ ਤੂੰ ਵਿਸ਼ਵਾਸ ਕਰੇਂ ਤਾਂ ਤੂੰ ਹੋਰ ਸਿਗਰਟਾਂ ਵੀ ਨਹੀਂ ਪੀਵੇਂਗੀ । ਜਾ ਅਤੇ ਪਰਮੇਸ਼ੁਰ ਤੈਨੂੰ ਆਸੀਸ਼ ਦੇਵੇ ।

ਤੁਸੀਂ ਵੇਖਿਆ ਕੀ ਹੋਇਆ । ਕੀ ਉਹ ਵਾਸਤਵਿਕ ਨਹੀਂ ਹੈ?

145 ਮੈਂ ਤੈਨੂੰ ਨਹੀਂ ਜਾਣਦਾ, ਅਸੀਂ ਇੱਕ ਦੂਜੇ ਲਈ ਅਜਨਬੀ ਹਾਂ । ਮੈਂ ਤੈਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ ਪਰ ਪਰਮੇਸ਼ੁਰ ਤੈਨੂੰ ਜਾਣਦਾ ਹੈ । ਜੇਕਰ ਪਰਮੇਸ਼ੁਰ ਮੈਨੂੰ ਤੇਰੇ ਬਾਰੇ ਕੁਝ ਦਸੇ ਤਾਂ ਕੀ ਤੂੰ ਵਿਸ਼ਵਾਸ ਕਰੇਂਗੀ?

146 ਕੀ ਸਾਰੀ ਸਭਾ ਵਿਸ਼ਵਾਸ ਕਰੇਗੀ? ਕੀ ਉਥੇ ਕੋਈ ਇਸ ਔਰਤ ਨੂੰ ਜਾਣਦਾ ਹੈ? ਸਭਾ ਵਿੱਚ ਕੋਈ ਇਸ ਔਰਤ ਨੂੰ ਜਾਣਦਾ ਹੈ? ਠੀਕ ਹੈ, ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ ਕਿ ਨਹੀਂ? ਇਹ ਸਾਰਾ ਨਬੇੜਾ ਕਰ ਦੇਵੇਗਾ । ਇਹ ਸਚਾਈ ਦੱਸ ਦੇਵੇਗਾ ।

147 ਹੁਣ ਤੁਸੀਂ ਵੇਖ ਸਕਦੇ ਹੋ ਕਿ ਪਿਛਲੇ ਕੁਝ ਮਿੰਟਾ ਵਿੱਚ ਕੀ ਹੋਇਆ ਹੈ । ਵੇਖਿਆ? ਮੈਂ ਲੜਖੜਾ ਰਿਹਾ ਹਾਂ । ਵੇਖਿਆ? ਮੈਂ ਕੁਝ ਵੀ ਵੇਖ ਨਹੀਂ ਪਾ ਰਿਹਾ ਹਾਂ । ਵੇਖਿਆ, ਇਹ ਗੁਪਤ ਗਲਾਂ ਪਵਿਤ੍ਰ ਆਤਮਾ ਹੀ ਬੁਝ ਰਿਹਾ ਹੈ । ਇਹ ਮੈਂ ਨਹੀਂ ਹਾਂ । ਇਹ ਅੱਜ ਦੇ ਲਈ ਵਾਅਦਾ ਕੀਤਾ ਗਿਆ ਵਚਨ ਹੈ । ਰਸੂਲਾਂ ਦੇ ਦਿਨਾਂ ਤੋਂ ਬਾਅਦ ਇਸ ਤਰ੍ਹਾਂ ਕਦੇ ਨਹੀਂ ਹੋਇਆ । ਪਰ ਇਹ ਕਿਥੇ ਕਿਹਾ ਗਿਆ ਸੀ, “ਮਨੁੱਖ ਦੇ ਪੁੱਤਰ ਦੇ ਆਉਣ ਤੋਂ ਪਹਿਲਾਂ । ਜਿਵੇਂ ਲੂਤ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਵੀ ਅਜਿਹਾ ਹੀ ਹੋਵੇਗਾ ।” ਅਵਿਸ਼ਵਾਸੀ ਇਸਦਾ ਵਿਸ਼ਵਾਸ ਨਹੀਂ ਕਰਨਗੇ । ਉਹਨਾਂ ਤੋਂ ਵਿਸ਼ਵਾਸ ਕਰਨ ਦੀ ਉਮੀਦ ਹੀ ਨਹੀਂ ਹੈ । ਪਰ ਵਿਸ਼ਵਾਸੀ ਇਸਦਾ ਵਿਸ਼ਵਾਸ ਕਰਦੇ ਹਨ!

148 ਹੁਣ ਜੇਕਰ ਪਵਿਤ੍ਰ ਆਤਮਾ ਮੈਨੂੰ ਇਸ ਔਰਤ ਬਾਰੇ ਦਸੇ ਤਾਂ ਕਿਨੇ ਪੂਰੇ ਹਿਰਦੇ ਤੋਂ ਵਿਸ਼ਵਾਸ ਕਰਨਗੇ, ਆਪਣੇ ਹੱਥ ਖੜ੍ਹੇ ਕਰੋ?

149 ਤੁਹਾਡੇ ਸਰੀਰ ਨੂੰ ਕਾਰ ਹਾਦਸੇ ਕਾਰਨ ਨੁਕਸਾਨ ਹੋਇਆ ਹੈ, ਜਿਸ ਨਾਲ ਤੁਹਾਡੇ ਗਰਦਨ ਵਿੱਚ ਰੀੜ੍ਹ ਦੀ ਹੱਡੀ ਦਾ ਜੋੜ ਢਿਲਾ ਹੋ ਗਿਆ ਹੈ । ਤੁਹਾਡੇ ਇੱਕ ਗੁਰਦਾ ਨੂੰ ਵੀ ਇਸ ਨਾਲ ਨੁਕਸਾਨ ਹੋਇਆ ਹੈ । ਇਹ ਠੀਕ ਹੈ, ਕੀ ਇੰਝ ਹੀ ਹੈ? [ਔਰਤ ਕਹਿੰਦੀ ਹੈ, “ਜੀ ਸ਼੍ਰੀਮਾਨ ।”—ਸੰਪਾਦਕ ।] ਕੀ ਤੂੰ ਵਿਸ਼ਵਾਸ ਕਰਦੀ ਹੈਂ? [“ਜੀ ਸ਼੍ਰੀਮਾਨ”] ਤੂੰ ਠੀਕ ਹੋ ਜਾਵੇਂਗੀ । ਪ੍ਰਭੂ ਦੀ ਮਹਿਮਾ ਹੋਵੇ ।

150 ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਨੇ ਗੁਰਦੇ ਦੀ ਮੁਸੀਬਤ ਨੂੰ ਚੰਗਾ ਕਰ ਸਕਦਾ ਹੈ? ਤਾਂ ਫਿਰ ਜਾਓ ਅਤੇ ਆਪਣੀ ਚੰਗਾਈ ਨੂੰ ਸਵੀਕਾਰ ਕਰੋ ।

151 ਆਓ, ਔਰਤ । ਇਸ ਤਰਫ਼ ਵੇਖੋ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਹਿਰਦੇ ਦੇ ਰੋਗਾਂ ਨੂੰ ਚੰਗਾ ਕਰਦਾ ਹੈ? ਠੀਕ ਹੈ, ਆਪਣੇ ਰਸਤੇ ਜਾ ਅਤੇ ਵਿਸ਼ਵਾਸ ਕਰ ਅਤੇ ਤੇਰਾ ਹਿਰਦਾ ਬਿਲਕੁਲ ਠੀਕ ਹੋ ਜਾਵੇਗਾ ।

152 ਇਥੇ ਆਓ । ਪਰਮੇਸ਼ੁਰ ਤੁਹਾਡੀ ਪਿੱਠ ਨੂੰ ਚੰਗਾ ਕਰ ਦੇਵੇਗਾ, ਤੁਹਾਨੂੰ ਠੀਕ ਕਰ ਦੇਵੇਗਾ, ਤੁਸੀਂ ਵਿਸ਼ਵਾਸ ਕਰਦੇ ਹੋ? ਜਾਓ ਅਤੇ ਵਿਸ਼ਵਾਸ ਕਰੋ ।

ਸਿਰਫ ਪਰਮੇਸ਼ੁਰ ਤੇ ਵਿਸ਼ਵਾਸ ਕਰੋ, ਤੁਸੀਂ ਸਿਰਫ ਇਹ ਹੀ ਕਰਨਾ ਹੈ!

153 ਆਓ ਔਰਤ । ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਪੇਟ ਦੇ ਰੋਗਾਂ ਨੂੰ ਠੀਕ ਕਰਦਾ ਹੈ? ਜਾਓ ਆਪਣਾ ਭੋਜਨ ਕਰੋ, ਆਪਣੇ ਪੂਰੇ ਹਿਰਦੇ ਤੋਂ ਵਿਸ਼ਵਾਸ ਕਰੋ ।

154 ਆਓ । ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਜੋੜ੍ਹਾਂ ਦੇ ਦਰਦ ਤੋਂ ਚੰਗਾਈ ਦੇ ਸਕਦਾ ਹੈ? ਤਾਂ ਫਿਰ ਜਾਓ ਅਤੇ ਵਿਸ਼ਵਾਸ ਕਰੋ ਅਤੇ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ ।

155 ਠੀਕ ਹੈ, ਆਓ । ਤੁਸੀਂ ਆਪਣੇ ਪੂਰੇ ਹਿਰਦੇ ਤੋਂ ਵਿਸ਼ਵਾਸ ਕਰਦੇ ਹੋ? ਤੁਸੀਂ ਵਿਸ਼ਵਾਸ ਕਰਦੇ ਹੋ? ਤੁਹਾਨੂੰ ਵੀ ਜੋੜ੍ਹਾਂ ਦਾ ਦਰਦ ਹੈ । ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਠੀਕ ਕਰ ਦੇਵੇਗਾ? ਜਾਓ, ਵਿਸ਼ਵਾਸ ਕਰੋ, ਕਹੋ, "ਪ੍ਰਭੂ, ਤੁਹਾਡਾ ਧੰਨਵਾਦ ।"

ਉਥੇ ਕਿਨੇ ਲੋਕ ਵਿਸ਼ਵਾਸ ਕਰਦੇ ਹਨ? ਕੀ ਤੁਸੀਂ ਵਿਸ਼ਵਾਸ ਕਰਦੇ ਹੋ?

156 ਇਹ ਔਰਤ ਲਾਲ ਸੂਟ ਵਾਲੀ ਔਰਤ ਜੋ ਇਥੇ ਬੈਠੀ ਹੈ ਉਹ ਆਪਣਾ ਹੱਥ ਖੜ੍ਹਾ ਕਰ ਰਹੀ ਹੈ, ਉਹ ਜਿਆਦਾ ਬਲੱਡ ਪ੍ਰੈਸ਼ਰ ਨਾਲ ਪੀੜ੍ਹਿਤ ਹੈ । ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਤੈਨੂੰ ਚੰਗਾ ਕਰ ਸਕਦਾ ਹੈ? ਤੂੰ ਕਰਦੀ ਹੈਂ? ਠੀਕ ਹੈ । ਆਪਣਾ ਹੱਥ ਆਪਣੇ ਨਾਲ ਬੈਠੀ ਔਰਤ ਤੇ ਰਖ ਅਤੇ ਉਸਨੂੰ ਦੱਸ ਕਿ ਉਸਦੀ ਆਵਾਜ ਠੀਕ ਹੋ ਜਾਵੇਗੀ । ਆਮੀਨ ।

ਇਹੀ ਗਲ ਹੈ । ਆਮੀਨ । ਕਿ ਤੁਸੀਂ ਵਿਸ਼ਵਾਸ ਕਰਦੇ ਹੋ? ਵਿਸ਼ਵਾਸ ਕਰੋ!

157 ਉਥੇ ਇੱਕ ਆਦਮੀ ਹੈ, ਜਿਸਨੂੰ ਖੂਨ ਵਹਿਣ ਦੀ ਬਿਮਾਰੀ ਹੈ । ਕੀ ਤੁਸੀਂ ਵਿਸ਼ਵਾਸ ਕਰਦੇ ਹੋ, ਸ਼੍ਰੀਮਾਨ, ਠੀਕ ਉਥੇ ਬੈਠੇ ਹੋਏ? ਹਾਂ, ਤਹਾਨੂੰ ਖੂਨ ਵਹਿਣ ਦੀ ਬਿਮਾਰੀ ਹੈ । ਇਹ ਠੀਕ ਹੋ ਜਾਵੇਗੀ, ਕੀ ਤੁਸੀਂ ਵਿਸ਼ਵਾਸ ਕਰਦੇ ਹੋ?

158 ਜੋ ਔਰਤ ਤੁਹਾਡੇ ਨਾਲ ਬੈਠੀ ਹੈ ਉਹਨੂੰ ਖੂਨ ਵਹਿਣ ਦੀ ਬਿਮਾਰੀ ਹੈ ਅਤੇ ਉਸਦੀ ਪਿੱਠ ਵਿੱਚ ਵੀ ਤਕਲੀਫ਼ ਹੈ । ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਦੇਵੇਗਾ? ਆਪਣਾ ਹੱਥ ਖੜ੍ਹਾ ਕਰਕੇ ਆਪਣੀ ਚੰਗਾਈ ਸਵੀਕਾਰ ਕਰੋ । ਵਿਸ਼ਵਾਸ ਕਰੋ ।

159 ਇਹ ਔਰਤ ਜੋ ਤੁਹਾਡੇ ਨਾਲ ਬੈਠੀ ਹੈ ਉਸਦੀਆਂ ਲੱਤਾਂ ਅਤੇ ਪਿੱਠ ਵਿੱਚ ਤਕਲੀਫ਼ ਹੈ? ਔਰਤ, ਕੀ ਤੂੰ ਵਿਸ਼ਵਾਸ ਕਰਦੀ ਹੈਂ? ਤੂੰ ਵਿਸ਼ਵਾਸ ਕਰਦੀ ਹੈਂ ਕਿ ਤੂੰ ਚੰਗੀ ਹੋ ਜਾਵੇਂਗੀ? ਠੀਕ ਹੈ, ਆਪਣਾ ਹੱਥ ਖੜ੍ਹਾ ਕਰਕੇ ਕਹੋ, "ਮੈਂ ਇਸਨੂੰ ਸਵੀਕਾਰ ਕਰਦੀ ਹਾਂ ।"

160 ਠੀਕ ਹੈ, ਉਸ ਤੋਂ ਅਗਲੀ ਔਰਤ ਨੂੰ ਸੰਕਰਮਕ ਰੋਗ ਹੈ । ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਸੰਕ੍ਰਮਣ ਤੋਂ ਚੰਗਾਈ ਦੇਵੇਗਾ, ਜਵਾਨ ਔਰਤ ਜਿਸਨੇ ਐਨਕ ਲਗਾਈ ਹੋਈ ਹੈ । ਆਪਣਾ ਹੱਥ ਖੜ੍ਹਾ ਕਰਕੇ ਕਹੋ, "ਮੈਂ ਚੰਗਾਈ ਸਵੀਕਾਰ ਕਰਦੀ ਹਾਂ ।" ਠੀਕ ਹੈ, ਵਿਸ਼ਵਾਸ ਕਰੋ ।

161 ਉਸਤੋਂ ਅਗਲੀ ਔਰਤ ਨੂੰ ਗੁਰਦਿਆਂ ਵਿੱਚ ਤਕਲੀਫ਼ ਹੈ । ਔਰਤ, ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਗੁਰਦਿਆਂ ਦੀ ਬਿਮਾਰੀ ਤੋਂ ਚੰਗਾਈ ਦੇਵੇਗਾ? ਠੀਕ ਹੈ, ਆਪਣਾ ਹੱਥ ਖੜ੍ਹਾ ਕਰਕੇ ਆਪਣੀ ਚੰਗਾਈ ਨੂੰ ਸਵੀਕਾਰ ਕਰੋ ।

162 ਉਸ ਦੇ ਨਾਲ ਬੈਠੀ ਛੋਟੀ ਲੜ੍ਹਕੀ ਨੂੰ ਗਲੇ ਦੀਆਂ ਗ੍ਰੰਥਿਆਂ ਦਾ ਰੋਗ ਹੈ । ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਇਸਨੂੰ ਚੰਗਾ ਕਰ ਦੇਵੇਗਾ? ਆਪਣਾ ਹੱਥ ਖੜ੍ਹਾ ਕਰਕੇ ਇਸਨੂੰ ਸਵੀਕਾਰ ਕਰੋ ।

163 ਕਿਨੇ ਲੋਕ ਪੂਰੇ ਹਿਰਦੇ ਨਾਲ ਵਿਸ਼ਵਾਸ ਕਰਦੇ ਹਨ? ਫਿਰ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਓ ਅਤੇ ਇਸਨੂੰ ਸਵੀਕਾਰ ਕਰੋ । ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਦੀ ਹਜੂਰੀ ਵਿੱਚ ਖੜ੍ਹੇ ਹੋ ਜਾਓ ।

164 ਪ੍ਰਭੂ ਯਿਸੂ ਮਸੀਹ ਦੇ ਨਾਂ ਵਿੱਚ ਪਵਿਤ੍ਰ ਆਤਮਾ ਇਸ ਇਮਾਰਤ ਵਿੱਚ ਉੱਤਰ ਆਵੇ ਅਤੇ ਪਰਮੇਸ਼ੁਰ ਦੀ ਹਜੂਰੀ ਵਿੱਚ ਸਭ ਨੂੰ ਚੰਗਾਈ ਦੇਵੇ!

*ਪਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ ।* PUN64-0205

(God Is His Own Interpreter)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਬੁੱਧਵਾਰ ਸ਼ਾਮ 5 ਫਰਵਰੀ, 1964 ਨੂੰ ਕਰਨ ਕਾਉਂਟੀ ਫੇਅਰ ਗਰਾਉਂਡਸ, ਬੇਕਰਸਫ਼ੀਲਡ, ਕੈਲੀਫੋਰਨੀਆਂ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2016 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings
P.O. Box 950, Jeffersonville, Indiana 47131 U.S.A.
www.branham.org